# ਭੂਗੋਲ

**ਪ੍ਰਸ਼ਨ ਬੈਂਕ (MR/HI/VI)**

**Class-XII**

**ਅਧਿਆਇ-1**

1. ਬਹੁ-ਵਿਕਲਪੀ ਪ੍ਰਸ਼ਨਾਂ ਵਿੱਚੋਂ ਠੀਕ ਉੱਤਰ ਤੇ ਸਹੀ (✓) ਦਾ ਨਿਸ਼ਾਨ ਲਗਾਓ:

ਪ੍ਰਸ਼ਨ-1 ਮਨੁੱਖ ਦੀ ਆਪਣੇ ਦੁਆਲੇ ਦੇ ਕੁਦਰਤੀ ਵਾਤਾਵਰਣ ਨਾਲ ਸਰਵਪੱਖੀ ਸਾਂਝ ਦਾ ਅਧਿਐਨ ਹੈ:

(ੳ) ਭੌਤਿਕ ਭੂਗੋਲ (ਅ) ਮਾਨਵ ਭੂਗੋਲ (ੲ) ਕੋਈ ਵੀ ਨਹੀਂ

ਪ੍ਰਸ਼ਨ-2 ਅਧਿਐਨ ਖੇਤਰ ਵਜੋਂ ਭੂਗੋਲ ਨਾ ਸਿਰਫ ਵਿਸ਼ਿਆਂ ਦਾ ਸੁਮੇਲ ਹੈ, ਸਗੋਂ -

(ੳ) ਅਨੁਭਵ ਕੀਤਾ ਜਾ ਸਕਣ ਵਾਲਾ ਪ੍ਰਯੋਗੀ ਵਿਸ਼ਾ ਵੀ ਹੈ (ਅ) ਪ੍ਰਯੋਗੀ ਵਿਸ਼ਾ ਨਹੀਂ ਹੈ।

(ੲ) ਉਪਰੋਕਤ ਦੋਨਾਂ (ੳ, ਅ) ਵਿੱਚੋਂ ਕੋਈ ਵੀ ਉੱਤਰ ਠੀਕ ਨਹੀਂ ਹੈ।

ਪ੍ਰਸ਼ਨ-3 'ਮਾਨਵ ਭੂਗੋਲ, ਮਾਨਵੀ ਸਮਾਜ ਅਤੇ ਧਰਤੀ ਦੀ ਸਤ੍ਹਾ ਦੇ ਆਪਸੀ ਸਬੰਧਾਂ ਦਾ ਸੰਗਠਿਤ/ਸੰਸਲੇਸ਼ਣਾਤਮਿਕ ਅਧਿਐਨ ਹੈ।' ਇਹ ਪਰਿਭਾਸ਼ਾ ਕਿਹੜੇ ਭੂਗੋਲਵੇਤਾ ਨੇ ਦਿੱਤੀ ਸੀ?

(ੳ) ਕਾਰਲ ਰਿਟਰ (ਅ) ਐਲਨ ਚਰਚਿਲ ਸੈਂਪਲ (ੲ) ਪੌਨ ਵਿਡਾਲ ਡੀ ਲਾ ਬਲਾਸ਼

(ਸ) ਫਰੈਡਰਿਕ ਰੈਟਜ਼ਲ

ਪ੍ਰਸ਼ਨ-4 ਦੋ ਪੁਸਤਕਾਂ 'Influence of Geographic Environment' ਅਤੇ 'American History and its conditions (1903)' ਕਿਹੜੇ ਭੂਗੋਲਵੇਤਾ ਨੇ ਲਿਖੀ ਸੀ?

(ੳ) ਐਲਨ ਚਰਚਿਲ ਸੈਂਪਲ (ਅ) ਕਾਰਲ ਰਿਟਰ (ੲ) ਅਲਗਜ਼ੈਂਡਰ ਵੌਂ ਹਮਬੋਲਟ

(ਸ) ਫਰੈਡਰਿਕ ਰੈਟਜ਼ਲ

ਪ੍ਰਸ਼ਨ-5 ਪੇਰੂ ਦੀ ਧਾਰਾ ਨੂੰ ਵਾਚਣ ਵਾਲਾ ਪਹਿਲਾ ਮਾਹਿਰ ਕੌਣ ਸੀ?

(ੳ) ਕਾਰਲ ਰਿਟਰ (ਅ) ਅਲਗਜ਼ੈਂਡਰ ਵੌਂ ਹਮਬੋਲਟ (ੲ) ਪੌਲ ਵਿਡਾਲ ਡੀ ਲਾ ਬਲਾਸ਼ (ਸ)ਕੋਈ ਵੀ ਨਹੀਂ

ਪ੍ਰਸ਼ਨ-6 ਹੇਠ ਲਿਖਿਆਂ ਵਿੱਚੋਂ ਕਿਹੜਾ ਵਿਸ਼ਾ ਮਨੁੱਖੀ ਵਸੋਂ ਦੀਆਂ ਵਿਸ਼ੇਸ਼ਤਾਵਾਂ ਨਾਲ ਸਬੰਧ ਰੱਖਦਾ ਹੈ?

(ੳ) ਬਨਸਪਤੀ ਵਿਗਿਆਨ (ਅ) ਜਨ-ਅੰਕਣ ਵਿਗਿਆਨ (ੲ) ਪ੍ਰਾਣੀ ਵਿਗਿਆਨ

(ਸ) ਸਮਾਜਿਕ ਵਿਗਿਆਨ

ਪ੍ਰਸ਼ਨ-7 ਹੇਠ ਲਿਖਿਆਂ ਵਿੱਚੋਂ ਕਿਹੜਾ ਖੇਤਰ (ਸ਼ਾਖਾ) ਮਾਨਵ ਭੂਗੋਲ ਦੇ ਖੇਤਰ ਨਾਲ ਸਬੰਧਤ ਨਹੀਂ ਹੈ?

(ੳ) ਭੌਤਿਕ ਭੂਗੋਲ (ਅ) ਜਨਸੰਖਿਆ ਭੂਗੋਲ (ੲ) ਵਸੇਬਿਆਂ ਦਾ ਭੂਗੋਲ (ਸ) ਸਮਾਜਿਕਿ ਭੂਗੋਲ

ਪ੍ਰਸ਼ਨ-8 ਮਾਤ੍ਰਾਤਮਕ ਕ੍ਰਾਂਤੀ (Quantitative revolution) ਦਾ ਦੌਰ ਕਿਹੜੇ ਕਾਲ ਨੂੰ ਆਖਿਆ ਜਾਂਦਾ ਹੈ?

(ੳ) 1950 ਵਿਆਂ ਤੋਂ ਅੰਤਲੇ 1960ਵਿਆਂ ਤੱਕ (ਅ) 1930ਵੇਂ ਅਤੇ ਦੋਹੇ ਸੰਸਾਰ ਯੁੱਧਾਂ ਵਿਚਲਾ ਕਾਲ

(ੲ) 1980ਵੇਂ (ਸ) 1990ਵੇਂ

ਪ੍ਰਸ਼ਨ-9 ਕਿਹੜੇ ਦੇਸ਼ ਦੇ ਭੂਗੋਲ ਸ਼ਾਸਤਰੀਆਂ ਨੇ ਰਾਜ ਜਾਂ ਦੇਸ਼ ਨੂੰ ਜੀਵੰਤ ਜੀਵ ਵਜੋਂ ਬਿਆਨਿਆ ਹੈ?

(ੳ) ਜਰਮਨੀ (ਅ) ਫਰਾਂਸ (ੲ) ਅਮਰੀਕਾ (ਸ) ਭਾਰਤ

ਪ੍ਰਸ਼ਨ 10 ਐਲਨ ਚਰਚਿਲ ਸੈਂਪਲ ਦਾ ਜਨਮ ਕਦੋਂ ਹੋਇਆ?

(ੳ) 1848 (ਅ) 1863 (ੲ) 1769 (ਸ) 1779

ਪ੍ਰਸ਼ਨ-11 ਹੇਠ ਲਿਖਿਆਂ ਦਾ ਮਿਲਾਨ ਕਰੋ:

| | |
|---|---|
| 1. ਸਮਾਜਿਕ ਭੂਗੋਲ | ਸਾਧਨਾਂ ਦਾ ਭੂਗੋਲ |
| 2. ਵਸੇਬਿਆਂ ਦਾ ਭੂਗੋਲ | ਸੈਨਿਕ ਭੂਗੋਲ |
| 3. ਆਰਥਿਕ ਭੂਗੋਲ | ਸ਼ਹਿਰੀ ਯੋਜਨਾ ਬੰਦੀ |
| 4. ਰਾਜਨੀਤਿਕ ਭੂਗੋਲ | ਮਨੋਵਿਗਿਆਨ |

ਪ੍ਰਸ਼ਨ–12 ਹੇਠ ਲਿਖਿਆਂ ਦਾ ਮਿਲਾਨ ਕਰੋ:

| | |
|---|---|
| 1. ਐਲਨ ਚਰਚਿਲ ਸੈਂਪਲ | ਕਾਸਮਾਸ |
| 2. ਪੌਲ ਵਿਡਾਲ ਡੀ ਲਾ ਬਲਾਸ਼ | Influence of Geographic Environment |
| 3. ਕਾਰਲ ਰਿਟਰ | Tableau de La France<br>(Outline of the geography of France) |
| 4. ਅਲਗਜ਼ੈਂਡਰ ਵੋਂ ਹਮਬੋਲਟ | ਧਰਤ ਵਿਗਿਆਨ (ErdKunde) |

ਪ੍ਰਸ਼ਨ 13 ਹੇਠ ਲਿਖਿਆਂ ਦਾ ਮਿਲਾਨ ਕਰੋ:

| | |
|---|---|
| 1. ਕਾਰਲ ਰਿਟਰ | Image |
| 2. ਅਲਗਜ਼ੈਂਡਰ ਵੋਂ ਹਮਬੋਲਟ | Image |
| 3. ਪੌਲ ਵਿਡਾਲ ਡੀ ਲਾ ਬਲਾਸ਼ | Image |
| 4. ਐਲਨ ਚਰਚਿਲ ਸੈਂਪਲ | Image |

ਪ੍ਰਸ਼ਨ–14 ਹੇਠ ਲਿਖਿਆਂ ਦਾ ਮਿਲਾਨ ਕਰੋ:

| | |
|---|---|
| 1. ਧਰਤਾ ਦਾ ਚਿਹਰਾ | Neck of the isthmus |
| 2. ਦਰਿਆ ਦਾ ਮੁੱਖ | Face of the earth |
| 3. ਥਲ ਡਮਰੂ ਦੀ ਗਿੱਚੀ | Profile of the soil |
| 4. ਮਿੱਟੀ ਦੀ ਰੂਪ ਰੇਖਾ | Mouth of a river |

ਪ੍ਰਸ਼ਨ–15 ਹੇਠ ਲਿਖਿਆਂ ਦਾ ਮਿਲਾਨ ਕਰੋ:

| | |
|---|---|
| 1. ਬਨਸਪਤੀ ਗਿਆਨ | ਧਰਤੀ ਦੇ ਅੰਦਰਲੇ ਹਿੱਸੇ ਨਾਲ ਸਬੰਧਤ |
| 2. ਭੂ–ਗਰਭ ਵਿਗਿਆਨ | ਜਾਨਵਰਾਂ ਨਾਲ ਸਬੰਧਤ |
| 3. ਪ੍ਰਾਣੀ ਵਿਗਿਆਨ | ਸੇਵਾਵਾਂ ਤੇ ਵਸਤਾਂ |
| 4. ਅਰਥ ਸ਼ਾਸਤਰ | ਪੌਦਿਆਂ ਨਾਲ ਸਬੰਧਤ |

ਪ੍ਰਸ਼ਨ–16 ਹੇਠ ਲਿਖਿਆਂ ਦਾ ਮਿਲਾਨ ਕਰੋ:

| | |
|---|---|
| 1.ਭੂਗੋਲਿਕ ਸੂਚਨਾ ਵਿਗਿਆਨ | ਵਾਤਾਵਰਣ, ਮਨੁੱਖੀ ਕਾਰਜ ਵਿਧੀਆਂ ਨੂੰ ਨਿਯੰਤਰਿਤ ਕਰਦਾ ਹੈ |
| 2. ਨਿਯਤੀਵਾਦ | ਵਾਤਾਵਰਣ ਦੇ ਕਾਰਜਸ਼ੀਲ ਕਾਰਕ ਵਜੋਂ ਪੇਸ਼ ਕਰਦਾ ਹੈ |
| 3. ਸੰਭਵਤਾਵਾਦ | ਰੈਡੀਕਲ |
| 4. ਮੂਲਵਾਦੀ | ਨਵੀਨ ਸਭਿਆਚਾਰਕ ਵਿਗਿਆਨ |

ਪ੍ਰਸ਼ਨ-17 ਹੇਠ ਲਿਖਿਆਂ ਦਾ ਮਿਲਾਨ ਕਰੋ:

| | |
|---|---|
| 1. 1930ਵੇਂ (ਕਾਲ) | ਸਮਾਜੀ-ਰਾਜਨੀਤਕ ਅਸਲੀਅਤ ਸਬੰਧੀ ਵਧੇਰੇ ਪ੍ਰਸੰਗਕ ਹੋਇਆ |
| 2. 1990ਵੇਂ (ਕਾਲ) | ਸਥਾਨਕ ਸੰਗਠਨ (ਮਾਤ੍ਰਾਤਮਕ ਕ੍ਰਾਂਤੀ) |
| 3. 1980ਵੇਂ (ਕਾਲ) | ਖੇਤਰੀ ਵਖਰੇਵੇਂ |
| 4. 1950ਵੇਂ (ਕਾਲ) | ਉੱਤਰ ਆਧੁਨਿਕਤਾਵਾਦ |

ਪ੍ਰਸ਼ਨ-18 ਹੇਠ ਲਿਖਿਆਂ ਦਾ ਮਿਲਾਨ ਕਰੋ:

| | |
|---|---|
| 1. ਆਰਥਿਕ ਕਿਰਿਆਵਾਂ | ਰਾਜਨੀਤਕ ਭੂਗੋਲ |
| 2. ਜਨਸੰਖਿਆ ਦਾ ਭੂਗੋਲ | ਸਮਾਜਿਕ ਭੂਗੋਲ |
| 3. ਮਨੋਵਿਗਿਆਨ | ਆਰਥਿਕ ਭੂਗੋਲ |
| 4. ਚੋਣਾਂ ਦਾ ਭੂਗੋਲ | ਜਨਅੰਕਣ ਵਿਗਿਆਨ |

ਪ੍ਰਸ਼ਨ-19 ਹੇਠ ਲਿਖਿਆਂ ਦਾ ਮਿਲਾਨ ਕਰੋ:

| | |
|---|---|
| 1. ਕਾਰਲ ਰਿਟਰ | 1863-1932 |
| 2. ਅਲਗਜੈਂਡਰ ਵੌਂ ਹਮਬੋਲਟ | 1848-1918 |
| 3. ਐਲਨ ਚਰਚਿਲ ਸੈਂਪਲ | 1779-1859 |
| 4. ਪੌਲ ਵਿਡਾਲ-ਡੀ-ਲਾ | 1769-1859 |

ਪ੍ਰਸ਼ਨ-20 ਹੇਠ ਲਿਖਿਆਂ ਦਾ ਮਿਲਾਨ ਕਰੋ:

| | |
|---|---|
| 1. ਭੌਤਿਕ ਵਾਤਾਵਰਨ | ਭਾਸ਼ਾ |
| 2. ਸੱਭਿਆਚਾਰ | ਰੁਕੋ |
| 3. ਪਹਿਲੇ ਭੂਗੋਲਵੇਤਾ | ਨਿਵਾਸੀ |
| 4. ਲਾਲ ਬੱਤੀ | ਯੂਨਾਨੀ |

ਖਾਲੀ ਥਾਵਾਂ ਵਿੱਚ ਸਹੀ ਉੱਤਰ ਭਰੋ:

21. ਕੁਦਰਤ ਨੂੰ ਇੱਕ ਹਸਤੀ ਦੇ ਰੂਪ ਵਿੱਚ ਜੀਵੰਤ ਕਰਨ ਵਿੱਚ ____________ ਦੀ ਬੜੀ ਮਹੱਤਵਪੂਰਨ ਭੂਮਿਕਾ ਹੈ।

(i) ਫਰੈਡਰਿਕ ਰੈਟਜਲ (ii) ਚਾਰਲਸ ਡਾਰਵਿਨ

ਜਾਂ

22. ____________ ਭੂਗੋਲ ਮਨੁੱਖ ਦੀ ਆਪਣੇ ਦੁਆਲੇ ਦੇ ਕੁਦਰਤੀ ਵਾਤਾਵਰਣ ਨਾਲ ਸਰਵਪੱਖੀ ਸਾਂਝ ਦਾ ਅਧਿਐਨ ਹੈ।

(i) ਮਾਨਵ ਭੂਗਲ (ii) ਭੌਤਿਕ ਭੂਗੋਲ

23. ਸ਼੍ਰੀਮਤੀ ਐਲਨ ਚਰਚਿਲ ਸੈਂਪਲ ____________ ਦੇਸ਼ ਨਾਲ ਸਬੰਧਤ ਹਨ।

(i) ਅਮਰੀਕਾ (ii) ਜਰਮਨੀ

24. ਭੂਗੋਲ ਵਿਸ਼ੇ ਦੀਆਂ ___________ਪ੍ਰਮੁਖ ਸ਼ਾਖਾਵਾਂ ਹਨ।

(i) ਚਾਰ ਜਾਂ (ii) ਦੋ

25. ਨਵ-ਨਿਯਤੀਵਾਦ ਦਾ ਸਿਧਾਂਤ 1920ਵਿਆਂ ਵਿੱਚ ___________ ਦੁਆਰਾ ਪੇਸ਼ ਕੀਤਾ ਗਿਆ।

(i) ਟੇਲਰ (Taylor) (ii) ਕਾਰਲ ਰਿਟਰ

26. ਲਬਾਸ ਮਾਨਵ ਭੂਗੋਲ ਦੇ ਮੋਢੀਆਂ ਵਿੱਚੋਂ ਇਕ, 1896 ਤੋਂ 1918 ਵਿਚ ਆਪਣੇ ਅੰਤ ਤੱਕ ___________ਚ' ਭੂਗੋਲ ਦੇ ਪ੍ਰੋਫੈਸਰ ਵਜੋਂ ਸੇਵਾ ਨਿਭਾਈ।

(i) ਯੂਨੀਵਰਸਿਟੀ ਆਫ ਸੋਰਬੋਨ (ii) ਯੂਨੀਵਰਸਿਟੀ

27. ___________ ਕ੍ਰਾਂਤੀ ਦਾ ਦੌਰ ਕੰਪਿਊਟਰ ਦੀ ਵਰਤੋਂ ਅਤੇ ਉਚ-ਤਕਨੀਕੀ ਅੰਕੜਾ ਵਿਗਿਆਨਕ ਸਾਧਨਾਂ ਦਾ ਦੌਰ ਹੈ।

(i) ਮਾਤਾਤਮਕ ਕ੍ਰਾਂਤੀ (ii) ਖੇਤਰੀ ਵਿਸ਼ਲੇਸ਼ਣ

28. ਵਸੇਬਿਆਂ ਦਾ ਭੂਗੋਲ___________ ਨਾਲ ਸਬੰਧਤ ਹੈ।

(i) ਸ਼ਹਿਰੀ, ਪੇਂਡੂ ਯੋਜਨਾਬੰਦੀ ਜਾਂ (ii) ਜਨ-ਅੰਕਣ

29. ਘੱਟ ਵਾਯੂ ਦਾਬ ਦਾ ਮਨੁਖ ਉੱਤੇ ਪ੍ਰਭਾਵ ___________ ਦੀ ਦੇਣ ਹੈ।

(i) ਹਮਬੋਲਟ (ii) ਕਾਰਲ ਰਿਟਰ

30. ਭੂਗੋਲ ਦੇ ਉਦੇਸ਼ ਬਾਰੇ ਦੱਸਣ ਵਾਲੇ ___________ਦਰਸ਼ਨ ਹਨ।

(i) ਤਿੰਨ (ii)ਚਾਰ

True /false or Yes / No

31. ਬਲਾਸ਼ ਦਾ ਯਾਦਗਾਰੀ ਖੋਜ ਮਾਨਵ ਭੂਗੋਲ ਮੌਤ ਤੋਂ ਬਾਅਦ ਸੰਨ 1921 ਵਿੱਚ ਛਪਿਆ। ( )

32. ਸਮਾਜਿਕ ਭੂਗੋਲ ਮਨੋਵਿਗਿਆਨ ਦੇ ਨਾਲ ਵੀ ਸਬੰਧ ਰਖਦਾ ਹੈ। ()

33. ਯੂਨਾਨੀ ਵਿਦਵਾਨਾਂ ਨੂੰ ਪਹਿਲੇ ਭੂਗੋਲਵੇਤਾ ਹੋਣ ਦਾ ਮਾਨ ਹਾਸਲ ਹੈ। ()

34. ਭੂਗੋਲ ਪ੍ਰਯੋਗੀ ਵਿਸ਼ਾ ਨਹੀਂ ਹੈ। ()

35. ਪੇਰੂ ਦੀ ਧਾਰਾ ਨੂੰ ਵਾਚਣ ਵਾਲਾ ਪ੍ਰਥਮ ਮਾਹਿਰ ਹਮਬੋਲਟ ਨਹੀਂ ਸੀ। ()

36. ਰਾਜਨੀਤਕ ਭੂਗੋਲ ਦਾ ਉਪ ਖੇਤਰ ਸੈਨਿਕ ਭੂਗੋਲ ਨਹੀਂ ਹੈ। ()

37. ਲਾਲ ਬੱਤੀ ਦਾ ਅਰਥ ਹੈ-ਜਾਓ ()

38. ਨਕਸ਼ੇ ਬਣਾਉਣੇ ਤੇ ਖਗੋਲੀ ਨਪਾਈ ਦਾ ਜਾਰਜ ਪ੍ਰਾਚੀਨ ਕਾਲ ਨਾਲ ਸਬੰਧਤ ਹੈ। ()

39. ਮੂਲ ਸਿਧਾਂਤ ਤੱਕ ਤਬਦੀਲ ਕਰ ਦੇਣ ਵਾਲੀ ਸੋਚ ਰੱਖਣ ਵਾਲਾ ਖਿਆਲ ਨੂੰ ਰੈਡੀਕਲ ਸ਼ਬਦ ਦੇ ਨਾਂ ਨਾਲ ਜਾਦਿਆ ਜਾਂਦਾ ਹੈ। ()

40. ਕੌਮਾਂਤਰੀ ਸਬੰਧਾਂ (ਉਪ ਖੇਤਰ) ਦਾ ਭੂਗੋਲ ਆਰਥਿਕ ਭੂਗੋਲ ਦਾ ਖੇਤਰ ਨਹੀ ਹੈ। ()

ਹੇਠ ਲਿਖਿਆਂ ਦੇ ਉੱਤਰ ਦੋ ਜਾਂ ਤਿੰਨ ਲਾਇਨਾਂ ਵਿੱਚ ਦਿਓ:

41. ਕਿਹੜੇ ਫਰਾਂਸੀ ਵਿਦਵਾਨ ਨੇ 1896 ਤੋਂ 1918 ਵਿੱਚ ਯੂਨੀਵਰਸਿਟੀ ਆਫ ਸੋਰਬੋਨ ਵਿਚ ਭੂਗੋਲ ਦੇ ਪ੍ਰੋਫੈਸਰ ਵਜੋਂ ਸੇਵਾ ਨਿਭਾਈ?

42. ਐਲਨ ਚਰਚਿਲ ਸੈਂਪਲ ਦਾ ਜਨਮ ਕਦੋਂ ਅਤੇ ਕਿਸ ਦੇਸ਼ ਵਿੱਚ ਹੋਇਆ?

43. ਭੂਗੋਲ ਦੇ ਉਦੇਸ਼ ਬਾਰੇ ਦੱਸਣ ਵਾਲ ਤਿੰਨ ਦਰਸ਼ਨ (ਫਲਸਫੇ) ਕਿਹੜੇ ਹਨ?

44. ਮਾਨਵ ਭੂਗੋਲ ਦੇ ਉਪ-ਖੇਤਰਾਂ (ਕੋਈ ਚਾਰ) ਨਾਮ ਲਿਖੋ।

45. ਭੂਗੋਲ ਵਿੱਚ ਖੇਤਰਾਂ , ਕਸਬਿਆਂ ਅਤੇ ਪਿੰਡਾਂ ਆਦਿ ਦਾ ਵਰਣਨ ਜੀਵਾਂ (Organisms) ਦੇ ਤੌਰ ਤੇ ਕੀਤਾ ਜਾਂਦਾ ਹੈ? ਕੋਈ ਤਿੰਨ ਉਦਾਹਰਣਾਂ ਦੱਸੋ।

46. ਫਰੈਡਰਿਕ ਰੈਟਜਲ ਅਨੁਸਾਰ ਮਾਨਵ ਭੂਗੋਲ ਦੀ ਕੀ ਪਰਿਭਾਸ਼ਾ ਹੈ?

47. ਵਾਤਾਵਰਣੀ ਨਿਯਤੀਵਾਦ ਕੇ ਕੋਈ ਤਿੰਨ ਸਮਰਥਕ ਕੌਣ ਹਨ?

48. ਸੰਸਾਰ ਦੀਆਂ ਵਿਕਸਤ ਆਰਥਿਕ ਤਾਕਤਾਂ ਦੀ ਬੇਤਰਤੀਬੀ ਦੌੜ ਦੇ ਕਿਹੜੇ ਨਤੀਜੇ ਸਾਹਮਣੇ ਆਏ ਹਨ। ਕੋਈ ਤਿੰਨ ਲਿਖੋ।

49. ਸਮਾਜਿਕ ਭੂਗੋਲ ਦੇ ਕੋਈ ਤਿੰਨ ਉਪਰ ਖੇਤਰ ਦੱਸੋ।

50. ਧਰਤੀ (ਪ੍ਰਿਥਵੀ) ਤੱਤਾਂ ਬਾਰੇ ਲਿਖੋ।

51. ਕਾਰਲ ਰਿਟਰ ਦਾ ਬੁਨਿਆਦੀ ਸਿਧਾਂਤ ਕੀ ਸੀ?

52. ਰੁਕੋ ਤੇ ਜਾਓ ਨਿਯਤੀਵਾਦ ਦਾ ਸਿਧਾਂਤ ਕਿਸ ਨੇ ਦਿੱਤਾ?

ਛੋਟੇ ਪ੍ਰਸ਼ਨਾਂ (ਛੋਟੇ ਉੱਤਰਾਂ ਵਾਲੇ )

53. ਭੂਗੋਲ ਪ੍ਰਿਥਵੀ ਅਤੇ ਮਾਨਵ ਦੇ ਸਬੰਧਾਂ ਦਾ ਵਿਗਿਆਨ ਹੈ? ਵਿਆਖਿਆ ਕਰੋ। ਉਦਾਹਰਣ ਵੀ ਦਸੋ।

54. ਸਮਾਜਿਕ ਭੂਗੋਲ ਅਤੇ ਆਰਥਿਕ ਭੂਗੋਲ ਵਿੱਚ ਕੀ ਅੰਤਰ ਹੈ?

55. ਐਲਨ ਚਰਚਿਲ ਸੈਂਪਲ ਬਾਰੇ ਦੱਸੋ। ਨਿਯਤੀਵਾਦ ਦੇ ਮੋਹਰੀ ਸਮਰਥਕ ਕਿਵੇਂ ਸਨ, ਉਦਾਹਰਣ ਨਾਲ ਸਮਝਾਓ?

56. ਨਿਯਤੀਵਾਦ ਅਤੇ ਨਵ-ਨਿਯਤੀਵਾਦ ਦਾ ਅੰਤਰ ਸਪਸ਼ਟ ਕਰੋ।

57. ਸੰਭਵਤਾਵਾਦ ਅਤੇ ਮੂਲਵਾਦੀ ਭੂਗੋਲ ਵਿੱਚ ਭਿੰਨਤਾਵਾਂ ਸਪਸ਼ਟ ਕਰੋ।

58. ਭੂਗੋਲਿਕ ਵਾਤਾਵਰਨ ਦੀ ਬਣਤਰ ਦੇ ਭੌਤਿਕ ਪੜਾਅ ਦੀਆਂ ਕੋਈ ਚਾਰ ਉਦਾਹਰਣਾ ਦੱਸੋ?

59. ਮਾਨਵ ਭੂਗੋਲ ਦੀ ਉਦਾਹਰਣ ਸਹਿਤ ਚਾਰ ਕੁ ਸਤਰਾਂ ਵਿੱਚ ਵਿਆਖਿਆ ਕਰੋ?

60. ਜਨਸੰਖਿਆ ਭੂਗੋਲ ਅਤੇ ਰਾਜਨੀਤਿਕ ਭੂਗੋਲ ਦੇ ਉਪਰ ਖੇਤਰਾਂ ਦਾ ਨਾਂ ਦੱਸੋ ਅਤੇ ਉਦਾਹਰਣ ਵਜੋਂ ਆਪਣੇ ਦੇਸ਼ ਦੀ ਕੁਲ ਜਨਸੰਖਿਆ ਅੰਕਿਤ ਕਰੋ?

61. ਮੂਲਵਾਦੀ ਅਤੇ ਨਵ-ਨਯਤੀਵਾਦ ਕਿਵੇਂ ਭਿੰਨ ਹਨ? ਸਮਝਾਓ।

62. ਸੰਸਾਰ ਦੀਆਂ ਵਿਕਸਤ ਆਰਥਿਕ ਤਾਕਤਾਂ ਨੇ ਬੇਤਰਤੀਬੀ ਦੌੜ ਆਰੰਭੀ ਹੈ। ਉਦਾਹਰਣ ਦੇਕੇ ਸਮਝਾਓ।

63. ਅਲਗਜ਼ੈਂਡਰ ਵੋ ਹਮਬੋਲਟ ਭੂਗੋਲਵੇਤਾ ਦੀ ਭੂਗੋਲ ਨੂੰ ਕੀ ਦੇਣ ਹੈ, ਉਦਾਹਰਣ ਸਹਿਤ ਦੱਸੋ।

64. ਪ੍ਰਾਚੀਨ ਕਾਲ ਅਤੇ ਮਾਤ੍ਰਾਤਮਕ ਕ੍ਰਾਂਤੀ ਦਾ ਦੌਰ ਵਿੱਚ ਅੰਤਰ ਸਪਸ਼ਟ ਕਰੋ।

## ਪ੍ਰਸ਼ਨ ਬੈਂਕ (MR/HI/VI)

**Class-XII**

**ਅਧਿਆਇ-2**

### ਬਹੁ-ਵਿਕਲਪੀ ਪ੍ਰਸ਼ਨ

1. ਵਿਸ਼ਵ ਵਸੋਂ ਦਿਵਸ ਕਦੋਂ ਮਨਾਇਆ ਜਾਂਦਾ ਹੈ?

(ੳ) 11 ਜੁਲਾਈ (ਅ) 22 ਅਪਰੈਲ (ੲ) 21 ਜੂਨ

2. ਕਿਹੜੇ ਦੇਸ਼ ਵਿੱਚ ਸਭ ਤੋਂ ਵੱਧ ਜਨਸੰਖਿਆ ਪਾਈ ਜਾਂਦੀ ਹੈ?

(ੳ) ਚੀਨ (ਅ) ਭਾਰਤ (ੲ) ਇੰਗਲੈਂਡ (ਸ) ਯੂ.ਐਸ.ਏ

3. 2011 ਦੀ ਜਨਗਣਨਾ ਅਨੁਸਾਰ ਮਰਦਾਂ ਅਤੇ ਔਰਤਾਂ ਦੀ ਸਾਖਰਤਾ ਦਰ ਕੀ ਹੈ?

(ੳ) ਮਰਦਾਂ-80.9% ਅਤੇ ਔਰਤਾਂ 64.60%

(ਅ) ਮਰਦਾਂ-79.8% ਅਤੇ ਔਰਤਾਂ 52.60%

(ੲ) ਕੋਈ ਵੀ ਨਹੀਂ

4. ਡਾਇਸਪੋਗ ਸ਼ਬਦ ਦਾ ਅਰਥ ਕੀ ਹੈ?

(ੳ) ਜੋੜਨਾ (ਅ) ਬਿਖੇਰਨਾ (ੲ) ਕੋਈ ਵੀ ਨਹੀਂ

5. ਪੰਜਾਬ ਦੀ ਕੁੱਲ ਸਾਖਰਤਾ ਦਰ 2011 ਦੀ ਜਨਗਣਨਾ ਅਨੁਸਾਰ ਕੀ ਸੀ?

(ੳ) 75.8% (ਅ) 79% (ੲ) 73% (ਸ) ਕੋਈ ਵੀ ਨਹੀਂ

6. ਭਾਰਤ ਵਿੱਚ ਕਿੰਨੇ ਸਾਲਾਂ ਪਿੱਛੋਂ ਜਨਗਣਨਾ ਹੁੰਦੀ ਹੈ?

(ੳ) 10 ਸਾਲਾਂ (ਅ) 15 ਸਾਲਾਂ (ੲ) 20 ਸਾਲਾਂ (ਸ) ਕੋਈ ਵੀ ਨਹੀਂ

7. ਪੰਜਾਬ ਵਿੱਚ ਲਿੰਗ ਅਨੁਪਾਤ (2011 ਦੀ ਜਨਗਣਨਾ ਅਨੁਸਾਰ) ਕਿੰਨਾ ਹੈ?

(ੳ) 876 (ਅ) 1084 (ੲ) 893

8. ਸਾਖਰਤਾ ਦੇ ਲਿਹਾਜ ਨਾਲ ਦੁਨੀਆਂ ਦੇ ਪਹਿਲੇ ਦਸ ਦੇਸ਼ਾਂ ਵਿੱਚ ਭਾਰਤ ਦਾ ਸਥਾਨ ਕਿਹੜਾ ਹੈ?

(ੳ) ਪਹਿਲਾ (ਅ) ਚੌਥਾ (ੲ) ਦੂਸਰਾ (ਸ) ਪੰਜਵਾਂ

9. ਭਾਰਤ ਦੀ 2011 ਜਨਗਣਨਾ ਅਨੁਸਾਰ ਸ਼ਹਿਰਾਂ ਅਤੇ ਕਸਬਿਆਂ ਦੀ ਕੁੱਲ ਗਿਣਤੀ ਕਿੰਨੀ ਹੈ?

(ੳ) 4615 (ਅ) 7935 (ੲ) ਕੋਈ ਵੀ ਨਹੀਂ

10. ਪੰਜਾਬ ਵਸੋਂ ਘਣਤਾ ਦੇ ਪੱਖ ਤੋਂ ਕਿਹੜਾ (ਭਾਰਤ ਵਿੱਚ) ਸਥਾਨ ਰੱਖਦਾ ਹੈ?

(ੳ) ਪੰਜਵਾਂ (ਅ) ਸੱਤਵਾ (ੲ) ਪਹਿਲਾ (ਸ) ਕੋਈ ਵੀ ਨਹੀਂ

ਹੇਠ ਲਿਖਿਆਂ ਦਾ ਮਿਲਾਨ ਕਰੋ:

11. ਕੁਝ ਗਵਾਂਢੀ ਦੇਸ਼ਾਂ ਦੀ ਸਾਖਰਤਾ ਦਰ

| | |
|---|---|
| 1. ਬੰਗਲਾਦੇਸ਼ | 92.6% |
| 2. ਨੇਪਾਲ | 60.0% |
| 3. ਸ਼੍ਰੀ ਲੰਕਾ | 61.5% |
| 4. ਪਾਕਿਸਤਾਨ | 64.7% |

12. ਹੇਠ ਲਿਖਿਆਂ ਦਾ ਮਿਲਾਨ ਕਰੋ: (ਸਥਾਨ-ਬਦਲੀ)

| | |
|---|---|
| 1. ਬੇਰੁਜ਼ਗਾਰੀ | ਉਪਜਾਊ ਭੂਮੀ |
| 2. ਫਸਲ ਦਾ ਨਾ ਹੋਣਾ | ਸੁਰੱਖਿਅਤ ਵਾਤਾਵਰਣ |
| 3. ਅਸੁਰੱਖਿਅਤ ਵਾਤਾਵਰਣ | ਜੁਰਮ-ਰਹਿਤ |
| 4. ਉਚੀ ਜੁਰਮ-ਦਰ | ਰੁਜ਼ਗਾਰ ਦੇ ਮੌਕਿਆਂ ਦੀ ਸੰਭਾਵਨਾ |

**13.** ਹੇਠ ਲਿਖਿਆਂ ਦਾ ਮਿਲਾਨ ਕਰੋ:

| | |
|---|---|
| 1. ਵੱਧ ਵਸੋਂ ਘਣਤਾ ਵਾਲੇ ਖੇਤਰ | 200-400 ਵਿਅਕਤੀ ਪ੍ਰਤੀ ਵਰਗ ਕਿ.ਮੀ. |
| 2. ਦਰਮਿਆਨੀ ਵਸੋਂ ਘਣਤਾ ਵਾਲੇ ਖੇਤਰ | 200 ਵਿਅਕਤੀ ਪ੍ਰਤੀ ਵਰਗ ਕਿ.ਮੀ. |
| 3. ਘੱਟ ਵਸੋਂ ਘਣਤਾ ਵਾਲੇ ਖੇਤਰ | 400 ਵਿਅਕਤੀ ਪ੍ਰਤੀ ਵਰਗ ਕਿ.ਮੀ. ਤੋਂ ਵਧੇਰੇ |

14. ਹੇਠ ਲਿਖਿਆਂ ਦਾ ਮਿਲਾਨ ਕਰੋ:

| | |
|---|---|
| 1. ਪਹਿਲੇ ਦਰਜੇ ਦੇ ਸ਼ਹਿਰ | 5.000 ਤੋਂ ਘੱਟ ਵਸੋਂ |
| 2. ਦੂਜੇ ਦਰਜੇ ਦੇ ਸ਼ਹਿਰ | 20,000 ਤੋਂ 49,999 ਤੱਕ ਦੀ ਵਸੋਂ |
| 3. ਛੇਵੇਂ ਦਰਜੇ ਦੇ ਸ਼ਹਿਰ | 50,000 ਤੋਂ 99,999 ਤੱਕ ਦੀ ਵਸੋਂ |
| 4. ਤੀਜੇ ਦਰਜੇ ਦੇ ਸ਼ਹਿਰ | ਇੱਕ ਲੱਖ ਜਾਂ ਇਸ ਤੋਂ ਵੱਧ ਵਸੋਂ |

15. ਹੇਠ ਲਿਖਿਆਂ ਦਾ ਮਿਲਾਨ ਪੰਜਾਬ ਦੀ ਸਾਖਰਤਾ ਦਰ 2011 ਦੀ ਜਨਗਣਨਾ ਅਨੁਸਾਰ ਕਰੋ:

| | |
|---|---|
| 1. ਹੁਸ਼ਿਆਰਪੁਰ | 61.8% |
| 2. ਮਾਨਸਾ | 80.4% |
| 3. ਮਰਦਾਂ ਦੀ ਸਾਖਰਤਾ | 84.6% |
| 4. ਔਰਤਾਂ ਦੀ ਸਾਖਰਤਾ | 70.7% |

16. ਹੇਠ ਲਿਖਿਆਂ ਦਾ ਮਿਲਾਨ ਕਰੋ:

| | |
|---|---|
| 1. ਡਾਇਸਪੋਰਾ | 11 ਜੁਲਾਈ |
| 2. ਵਿਸ਼ਵ ਜਨਸੰਖਿਆ ਦਿਵਸ | ਜਨਸੰਖਿਆ ਵਿੱਚ ਵਾਧਾ |
| 3. ਉਚੀ ਜਨਮ ਦਰ | HDI |
| 4. ਮਨੁੱਖੀ ਵਿਕਾਸ ਸੂਚਕ | ਬਿਖੇਰਨਾ |

17. ਹੇਠ ਲਿਖਿਆਂ ਦਾ ਮਿਲਾਨ ਕਰੋ:
(ਸੰਸਾਰ ਦੇ ਵਧੇਰੇ ਵਸੋਂ ਵਾਲੇ ਦੇਸ਼ ਕ੍ਰਮਵਾਰ)

| | |
|---|---|
| 1. ਚੀਨ | 121.01 |
| 2. ਭਾਰਤ | 30.87 |
| 3. ਯੂ.ਐਸ.ਏ | 23.76 |
| 4. ਇੰਡੋਨੇਸ਼ੀਆ | 134.10 |

18. ਹੇਠ ਲਿਖਿਆਂ ਦਾ ਮਿਲਾਨ ਕਰੋ:

| | |
|---|---|
| 1. ਉਚੀ ਜਨਮ ਦਰ | ਜਨਸੰਖਿਆ ਵਿੱਚ ਕਮੀ |
| 2. ਮੌਤ ਦਰ ਦਾ ਵਧੇਰੇ ਵਾਧਾ | ਪੜਨ ਅਤੇ ਲਿਖਣ ਦੀ ਸਮਰੱਥਾ |
| 3. ਲਿੰਗ ਅਨੁਪਾਤ 1000 ਹੈ ਤਾਂ | ਜਨਸੰਖਿਆ ਵਿੱਚ ਵਾਧਾ |
| 4. ਸਾਖਰਤਾ | ਔਰਤਾਂ ਅਤੇ ਮਰਦਾਂ ਦੀ ਗਿਣਤੀ ਵਿੱਚ ਸਪੂੰਰਨ ਸੰਤੁਲਨ |

19. ਹੇਠ ਲਿਖਿਆਂ ਦਾ ਮਿਲਾਨ ਕਰੋ: (ਭਾਰਤ ਦੇ ਰਾਜਾਂ ਵਿੱਚ ਸਾਖਰਤਾ)

| | |
|---|---|
| 1. ਕੇਰਲ | 75.8% |
| 2. ਮਿਜ਼ੋਰਮ | 88.70% |
| 3. ਗੋਆ | 91.3% |
| 4. ਪੰਜਾਬ | 94% |

20. ਹੇਠ ਲਿਖਿਆਂ ਦਾ ਮਿਲਾਨ ਕਰੋ:

| | |
|---|---|
| 1. ਜਨਸੰਖਿਆ ਤਬਦੀਲੀ | ਕੀਮਤੀ ਸੋਮਾ |
| 2. ਮਾਨਵ ਸਾਧਨ | 121.01 (ਕਰੋੜਾਂ ਵਿੱਚ) |
| 3. ਭਾਰਤ ਦੀ ਕੁਲ ਵਸੋਂ | ਵਸੋਂ ਵਿੱਚ ਵਾਧਾ ਜਾਂ ਘਾਟਾ |

Fill in the blanks with given options

21. ਰੂਸ, ਕੈਨੇਡਾ, ਯੂ.ਐਸ.ਏ., ਬਰਾਜ਼ੀਲ ਅਤੇ ਆਸਟ੍ਰੇਲੀਆ ਸਾਡੇ ਦੇਸ਼ ਤੋਂ ਕਈ ਗੁਣਾਂ ਵੱਡੇ ਹਨ ਪਰ ਇਹਨਾਂ ਦੀ ਵਸੋਂ ਸਾਡੇ ਦੇਸ਼ ਦੇ ਮੁਕਾਬਲੇ __________ ਹੈ।

i) ਵੱਧ ਜਾਂ (ii) ਘੱਟ

22. ਭਾਰਤ ਦੀ ਕੁੱਲ ਵਸੋਂ __________ ਹੈ।

i) 121,01,93,422 (ii) 30.87

23. ਸੰਨ 2011 ਦੇ ਅੰਕੜਿਆਂ ਅਨੁਸਾਰ ਭਾਰਤ ਦੀ ਵਸੋਂ ਘਣਤਾ __________ ਵਿਅਕਤੀ ਪ੍ਰਤੀ ਵਰਗ ਕਿ.ਮੀ. ਹੈ।

i) 382 (ii) 408

24. ਬਹੁਤ ਜ਼ਿਆਦਾ ਗਰਮ ਅਤੇ ਬਹੁਤ ਜਿਆਦਾ __________ ਇਲਾਕਿਆਂ ਵਿੱਚ ਲੋਕ ਵਸਣਾ ਪਸੰਦ ਨਹੀਂ ਕਰਦੇ।

i) ਤੰਗ (ii) ਠੰਢੇ (iii) ਅਮੀਰ

25. ਜਨਸੰਖਿਆ ਤਬਦੀਲੀ ਤੋਂ ਭਾਵ ਹੈ ਕਿਸੇ ਸਮੇਂ ਦੌਰਾਨ ਕਿਸੇ ਇਲਾਕੇ ਦੀ ਵਸੋਂ ਵਿੱਚ ਵਾਧਾ ਜਾਂ __________।

i) ਘਾਟਾ (ii) ਫਰਕ (iii) ਜਨਮ ਦਰ

26. ਹਰ ਸਾਲ__________ ਦੇ ਦਿਨ ਨੂੰ ਵਸੋਂ ਦਿਵਸ ਮਨਾਇਆ ਜਾਂਦਾ ਹੈ।

i) 11 ਜੁਲਾਈ (ii) 22 ਅਪਰੈਲ

27. ਜਦੋਂ ਸਥਾਨ ਬਦਲੀ ਕਿਸੇ ਰਾਜ ਦੇ ਅੰਦਰ ਹੀ ਹੁੰਦੀ ਹੈ ਤਾਂ ਉਸ ਨੂੰ ______ਅੰਦਰ ਸਥਾਨ ਬਦਲੀ ਕਿਹਾ ਜਾਂਦਾ ਹੈ।

i) ਰਾਜ (ii) ਅੰਤਰ-ਰਾਜੀ (iii) ਅੰਤਰ-ਰਾਸ਼ਟਰੀ

28. ਭਾਰਤ ਵਿੱਚ ਨਿਰਭਰ ਵਸੋਂ ਦੀ ਗਿਣਤੀ ਜ਼ਿਆਦਾ ਹੈ ਕਿਉਂਕਿ __________ ਵਸੋਂ ਜਿਆਦਾ ਹੈ।

i) ਨਿਰਭਰ (ii) ਕਾਮਿਆਂ

29. ਸ਼ਬਦਕੋਸ਼ ਅਨੁਸਾਰ __________ ਦਾ ਅਰਥ ਹੈ ਪੜਨ ਅਤੇ ਲਿਖਣ ਦੀ ਸਮਰੱਥਾ।

i) ਸਮਾਜਿਕ (ii) ਸਾਖਰਤਾ (iii) ਕੋਈ ਵੀ ਨਹੀਂ

30. ਭਾਰਤ ਦੀ ਵਧੇਰੇ ਵਸੋਂ __________ ਦੀ ਵਸਨੀਕ ਹੈ।

i) ਪਿੰਡਾਂ (ii) ਸ਼ਹਿਰਾਂ

True /false or Yes/No

31. ਡਾਇਸਪੋਰਾ ਸ਼ਬਦ ਯੂਨਾਨੀ ਭਾਸ਼ਾ ਦੇ ਸ਼ਬਦ ਤੋਂ ਲਿਆ ਗਿਆ ਹੈ। ( )

32. ਪਹਿਲੇ ਦਰਜੇ ਦੇ ਸ਼ਹਿਰ ਇੱਕ ਲੱਖ ਜਾਂ ਇਸ ਤੋਂ ਵੱਧ ਵਸੋਂ ਵਾਲ ਸ਼ਹਿਰ ਹਨ। ( )

33. ਸੰਨ 2011 ਦੀ ਜਨਗਣਨਾ ਅਨੁਸਾਰ ਭਾਰਤ ਦੀ ਕੁੱਲ ਸਾਖਰਤਾ ਦਰ 73% ਸੀ। ( )

34. ਸਾਖਰਤਾ ਦੇ ਲਿਹਾਜ ਨਾਲ ਦੁਨੀਆਂ ਦਾ ਪਹਿਲਾ ਦੇਸ਼ ਭਾਰਤ ਹੈ। ( )

35. ਸੰਨ 2011 ਵਿੱਚ ਪੰਜਾਬ ਦਾ ਲਿੰਗ ਅਨੁਪਾਤ 876 ਸੀ। ( )

36. ਲੁਧਿਆਣਾ, ਦਿੱਲੀ, ਗੁੜਗਾਓਂ, ਬੇਂਗਲੂਰੂ ਵਰਗੇ ਸ਼ਹਿਰ ਬਹੁਤ ਘੱਟ ਵਸੋਂ ਵਾਲੇ ਸ਼ਹਿਰ ਹਨ। ( )

37. ਸਾਲ 2011 ਦੇ ਅੰਤ ਤੱਕ ਸੰਸਾਰ ਦੀ ਵਸੋਂ 700 ਕਰੋੜ ਦੇ ਅੰਕੜੇ ਨੂੰ ਪਾਰ ਕਰ ਗਈ ਸੀ। ( )

38. ਸੰਸਾਰ ਦੇ ਕਿਸੇ ਵੀ ਖੇਤਰ ਜਾਂ ਦੇਸ਼ ਵਿੱਚ ਵਸੋਂ ਦੀ ਵੰਡ ਸਮਾਨ ਨਹੀਂ ਹੈ। ( )

39. ਉਪਜਾਊ ਮਿੱਟੀ ਅਤੇ ਸਮਤਲ ਢਲਾਣ ਵਾਲੇ ਖੇਤਰਾਂ ਵਿੱਚ ਵਸਣਾ ਲੋਕ ਵਧੇਰੇ ਪਸੰਦ ਕਰਦੇ ਹਨ। ( )

40. ਜਦੋਂ ਵਸੋਂ ਦਾ ਵਾਧਾ ਪ੍ਰਤੀਸ਼ਤ ਵਿੱਚ ਦਰਸਾਇਆ ਜਾਂਦਾ ਹੈ ਤਾਂ ਇਸ ਨੂੰ ਵਾਧੇ ਦੀ ਦਰ (Growth rate) ਕਿਹਾ ਜਾਂਦਾ ਹੈ। ( )

ਹੇਠ ਲਿਖਿਆਂ ਦੇ ਉੱਤਰ ਇੱਕ ਜਾਂ ਦੋ ਵਾਕਾਂ ਵਿੱਚ ਦਿਓ:

41. 2011 ਦੀ ਜਨਗਣਨਾ ਅਨੁਸਾਰ ਸੰਸਾਰ ਦੀ ਵਸੋਂ ਕਿੰਨੀ ਹੈ ਅਤੇ ਭਾਰਤ ਦੀ ਜਨਸੰਖਿਆ ਵੀ ਦੱਸੋ।

42. ਜਨਸੰਖਿਆ ਘਣਤਾ ਤੋਂ ਕੀ ਭਾਵ ਹੈ?

43. ਜਨਸੰਖਿਆ ਤਬਦੀਲੀ ਦੇ ਮੁੱਖ ਤਿੰਨ ਨਿਰਧਾਰਕ ਕਿਹੜੇ ਹਨ?

44. ਸੰਸਾਰ ਦੀ ਸੰਘਣੀ ਵਸੋਂ ਵਾਲੇ ਚਾਰ ਦੇਸ਼ਾਂ ਦੇ ਨਾਂ ਦੱਸੋ।

45. ਜਨਸੰਖਿਆ ਤਬਦੀਲੀ ਤੋਂ ਕੀ ਭਾਵ ਹੈ?

46. ਨਿਰਭਰ ਵਸੋਂ ਤੋਂ ਕੀ ਭਾਵ ਹੈ?

47. ਸਾਖਰਤਾ ਦਾ ਕੀ ਅਰਥ ਹੈ? (ਕੀ ਭਾਵ ਹੈ?)

48. ਜਲਅੰਕਣ ਸਿਧਾਂਤ (ਜਲਅੰਕਣ ਤਬਦੀਲੀ/ਪਰਿਵਰਤਨ ਸਿਧਾਂਤ) ਕਿਸ-ਕਿਸ ਦੁਆਰਾ ਪੇਸ਼ ਕੀਤਾ ਗਿਆ?

49. ਪਹਿਲੇ ਦਰਜੇ ਦੇ ਸ਼ਹਿਰਾਂ ਵਿੱਚ ਕਿੰਨੀ ਵਸੋਂ ਸ਼ਾਮਲ ਹੁੰਦੀ ਹੈ?

50. 'ਡਾਇਸਪੋਰਾ' ਸ਼ਬਦ ਤੋਂ ਕੀ ਭਾਵ ਹੈ?

51. ਸੰਸਾਰ ਵਿੱਚ ਘੱਟ ਵਸੋਂ ਵਾਲੇ ਚਾਰ ਦੇਸ਼ਾਂ ਦੇ ਨਾਂ ਦੱਸੋ?

52. ਜਨਸੰਖਿਆ ਅਧਿਐਨ ਦੇ ਕੋਈ ਤਿੰਨ ਮੁੱਖ ਅੰਗ ਕਿਹੜੇ ਹਨ?

53. ਹੇਠਾਂ ਦਿੱਤੇ ਰੇਖਾ-ਚਿੱਤਰ ਦਾ ਅਧਿਐਨ ਕਰੋ ਅਤੇ ਪ੍ਰਸ਼ਨਾਂ ਦਾ ਉੱਤਰ ਵੀ ਦੱਸੋ:

| Bar diagram<br>Page no-39 |
|---|

ਭਾਰਤ ਦੀ ਸਾਖਰਤਾ

Literacy rate in India: 1951-2011

i) ਕਿਹੜੇ ਸਾਲ ਵਿੱਚ ਸਾਖਰਤਾ ਦੀ ਦਰ ਸਭ ਤੋਂ ਜਿਆਦਾ ਹੈ?

(ii) ਕਿਹੜੇ ਸਾਲ ਵਿੱਚ ਸਾਖਰਤਾ ਦੀ ਦਰ ਸਭ ਤੋਂ ਘੱਟ ਸੀ?

54. ਦਿੱਤੇ ਰੇਖਾ-ਚਿੱਤਰ ਦਾ ਅਧਿਐਨ ਕਰੋ ਅਤੇ ਪ੍ਰਸ਼ਨਾਂ ਦਾ ਉੱਤਰ ਵੀ ਦੱਸੋ:

Bar diagram
Page no-35
Sex Ratio in Punjab-2011

i) ਸੰਨ 2011 ਵਿੱਚ ਲੁਧਿਆਣਾ ਦਾ ਲਿੰਗ ਅਨੁਪਾਤ ਕੀ ਸੀ?

(ii) ਹੁਸ਼ਿਆਰਪੁਰ ਜ਼ਿਲ੍ਹੇ ਦਾ ਲਿੰਗ ਅਨੁਪਾਤ ਦੱਸੋ।

(iii) ਸਭ ਤੋਂ ਘੱਟ ਲਿੰਗ ਅਨੁਪਾਤ ਅਤੇ ਵੱਧ ਲਿੰਗ ਅਨੁਪਾਤ ਵਾਲੇ ਜਿਲ੍ਹਿਆਂ ਦਾ ਨਾਂ ਦੱਸੋ।

55. ਭਾਰਤ ਦੇ ਨਕਸ਼ੇ ਤੇ ਸਥਾਨ ਅੰਕਿਤ ਕਰੋ:

i) ਜਨਸੰਖਿਆ ਦੀ ਬਹੁਤ ਜਿਆਦਾ ਘਣਤਾ ਵਾਲਾ ਕੋਈ ਇੱਕ ਸਥਾਨ

(ii) ਜਨਸੰਖਿਆ ਦੀ ਬਹੁਤ ਘੱਟ ਘਣਤਾ ਵਾਲਾ ਕੋਈ ਇੱਕ ਸਥਾਨ।

56. ਜਨਮ-ਦਰ ਅਤੇ ਮੌਤ ਦਰ ਦਾ ਆਪਸੀ ਅੰਤਰ ਦੱਸੋ।

57. ਸਥਾਨ ਬਦਲੀ ਦੇ ਕੋਈ ਕਾਰਨਾਂ ਦਾ ਆਪਸੀ ਅੰਤਰ ਦੱਸੋ।

58. ਅਤਿ-ਸਹਿਰੀਕਰਨ ਤੋਂ ਕੀ ਭਾਵ ਹੈ, ਉਦਾਹਰਣ ਦੇ ਕੇ ਸਮਝਾਓ।

59. ਭਾਰਤੀ ਡਾਇਸਪੋਰਾ ਦਾ ਇਤਿਹਾਸ ਕਾਫੀ ਪੁਰਾਤਨ, ਉਦਾਹਰਣ ਦੇ ਕੇ ਸਮਝਾਓ।

60. ਜਨਸੰਖਿਆ ਦੀ ਸਥਾਨ ਬਦਲੀ ਦੇ ਪਰ੍ਹੇ ਧੱਕਣ ਵਾਲੇ ਅਤੇ ਆਕਰਸ਼ਿਤ ਕਰਨ ਵਾਲੇ ਕਾਰਕਾਂ ਦੀ ਭਿੰਨਤਾ ਦੱਸੋ।

61. ਜਨਸੰਖਿਆ ਦੀ ਵੰਡ ਅਤੇ ਘਣਤਾ ਤੇ ਅਸਰ ਪਾਉਣ ਵਾਲੇ ਕੋਈ ਦੋ ਕਾਰਕਾਂ ਦਾ ਉਦਾਹਰਣ (ਸਥਾਨ) ਦੇ ਕੇ ਵਿਆਖਿਆ ਕਰੋ।

62. ਜਨਸੰਖਿਆ ਦੀ ਬਹੁਤਾਤ ਨਾਲ ਹੋਣ ਵਾਲੀਆਂ ਸਮੱਸਿਆਵਾਂ ਦੱਸੋ? ਭਾਰਤ ਦੇ ਬਹੁਤਾਤ ਜਨਸੰਖਿਆ ਵਾਲੇ ਸਥਾਨਾਂ (ਸ਼ਹਿਰਾਂ) ਦੀ ਉਦਾਹਰਣ ਵੀ ਦੱਸੋ।

63. 2011 ਦੀ ਜਨਗਣਨਾ ਅਨੁਸਾਰ ਮਰਦਾਂ ਅਤੇ ਔਰਤਾਂ ਦੀ ਸਾਖਰਤਾ ਦਰ ਦਾ ਅੰਤਰ ਦੱਸੋ।

64. ਛੇਵੇਂ ਦਰਜੇ ਦੇ ਸ਼ਹਿਰੀ ਅਤੇ ਪਹਿਲੇ ਦਰਜੇ ਦੇ ਸ਼ਹਿਰ ਦਾ ਕੀ ਅੰਤਰ ਹੈ?

## ਪ੍ਰਸ਼ਨ ਬੈਂਕ (MR/HI/VI)

**Class-XII**

**ਅਧਿਆਇ-3**

**ਬਹੁ-ਵਿਕਲਪੀ ਪ੍ਰਸ਼ਨ**

1. ਕੁੱਲ ਰਾਸ਼ਟਰੀ ਪ੍ਰਸੰਨਤਾ (Gross National Happiness) ਸੂਚਕਾਂਕ ਸੁਝਾਇਆ ਸੀ?

(i) ਜਿਗਮੇ ਸਿੰਘੇ ਵਾਂਗਚੂ (ii) ਰ. ਮਹਬੂਬ-ਉੱਲ- ਹੱਕ (iii) ਡਾ. ਅਰਮੱਤਿਆ ਸੈਨ (iv) ਕੋਈ ਵੀ ਨਹੀ।

2 'ਵਿਕਾਸ' ਗੁਣਵੱਤਾ ਅਧਾਰਤ ਬਦਲਾਅ ਹੈ ਅਤੇ ਇਹ ਸਿਰਫ ਹੁੰਦਾ ਹੈ?

(i) ਧਨਾਤਮਕ (ii) ਰਿੱਣਾਤਮਕ (iii) ਕੋਈ ਵੀ ਨਹੀ।

3 ਪੰਜਾਬ ਦਾ ਕਿਹੜਾ ਸ਼ਹਿਰ 'ਸਮਾਰਟ ਸਿਟੀ' ਪ੍ਰਾਜੈਕਟ ਦੇ ਪ੍ਰਥਮ ਦੌਰ ਵਿੱਚ ਸ਼ਾਮਲ ਹੋਇਆ ਹੈ?

(i) ਅਮ੍ਰਿਤਸਰ (ii) ਲੁਧਿਆਣਾ (iii) ਜਲੰਧਰ (iv) ਕੋਈ ਵੀ ਨਹੀਂ।

4 ਸਾਲ 2017 ਵਿੱਚ ਭਾਰਤ ਦਾ ਕੁੱਲ ਰਾਸ਼ਟਰੀ ਪ੍ਰਸੰਨਤਾ ਦਰਜਾਬੰਦੀ ਵਿੱਚ ਕਿਹੜਾ ਸਥਾਨ ਹੈ?

(i) 122ਵਾਂ (ii) 123ਵਾਂ (iii) 119ਵਾਂ (iv) 105ਵਾਂ।

5 ਮਨੁੱਖੀ ਵਿਕਾਸ ਸੂਚਕ ਸਬੰਧੀ ਆਪਣੇ ਦੇਸ਼ ਅੰਦਰ ਝਾਤੀ ਮਾਰੀਏ ਤਾਂ ਕਿਹਾੜਾ ਰਾਜ ਦੇਸ਼ ਵਿੱਚ ਪਹਿਲੇ ਸਥਾਨ ਆਉਂਦਾ ਹੈ?

(i) ਤਾਮਿਲਨਾਡੂ (ii) ਕੇਰਲ (iii) ਅਸਾਮ (iv) ਕੋਈ ਵੀ ਨਹੀਂ।

6 ਭਾਰਤ ਦੀ ਕਿੰਨੇ ਪ੍ਰਤੀਸ਼ਤ ਅਬਾਦੀ ਦੇਸ਼ ਦੇ ਕੁੱਲ 6,40,930 ਪਿੰਡਾਂ ਵਿੱਚ ਰਹਿੰਦੀ ਹੈ?

(i) 68.84 ਪ੍ਰਤੀਸ਼ਤ (ii) 74 ਪ੍ਰਤੀਸ਼ਤ (iii) 50 ਪ੍ਰਤੀਸ਼ਤ

7 ਕੌਲਅਰਬੇਸ਼ਨ ਸ਼ਬਦ ਦੀ ਕਾਢ ਕਿਸਨੇ ਕੀਤੀ ਸੀ?

(i) ਪੈਟਰਿਕ ਗੈਡਿਸ (ii) ਡਾ. ਅਮਰੱਤਿਆ ਸੇਨ (iii) ਕੋਈ ਵੀ ਨਹੀਂ।

8 ਮਨੁੱਖੀ ਵਿਕਾਸ ਵੱਸੋਂ ਵਿੱਚ ਵਾਧੇ ਦੀ ਦਰ ਨੂੰ ਕੀ ਕਰਨ ਵਿੱਚ ਮਦਦ ਕਰਦਾ ਹੈ?

(i) ਘਟਾਉਣ (ii) ਵਧਾਉਣ (iii) ਕੋਈ ਵੀ ਨਹੀਂ।

9 ਮਨੁੱਖੀ ਵਿਕਾਸ ਇੰਡੈਕਸ ਕਿਸ ਪ੍ਰੋਗਰਾਮ ਦੁਆਰਾ ਵਿਕਸਤ ਕੀਤਾ ਗਿਆ ਹੈ?

(i) ਸੰਯੁਕਤ ਰਾਸ਼ਟਰ ਵਿਕਾਸ ਪ੍ਰੋਗਰਾਮ (UNDP)

(ii) ਭਾਰਤ ਸਰਕਾਰ ਦੁਆਰਾ

(iii) ਕੋਈ ਵੀ ਨਹੀਂ।

10. ਕਿਹੜੇ ਪ੍ਰਾਜੈਕਟ ਦਾ ਮੰਤਵ ਸ਼ਹਿਰਾਂ ਦਾ ਸਮੁੱਚੇ ਤੌਰ ਤੇ ਵਿਕਾਸ ਕਰਨਾ ਹੈ?

(i) ਸਮਾਰਟ ਸ਼ਹਿਰ (ii) ਸਯੁੰਕਤ ਰਾਸ਼ਟਰ ਵਿਕਾਸ ਪ੍ਰੋਗਰਾਮ (iii) ਕੋਈ ਵੀ ਨਹੀਂ।

ਹੇਠ ਲਿਖਿਆ ਦਾ ਮਿਲਾਨ ਕਰੋ :-

11.

| | |
|---|---|
| 1. ਕੁੱਲ ਰਾਸ਼ਟਰੀ ਪ੍ਰਸੰਨਤਾ ਸੂਚਕਾਂਕ | (i) ਮਨੁੱਖੀ ਕਿਾਸ ਸੂਚਕਾਂਕ (1990) |
| 2. ਡਾ ਮਹਬੂਬ-ਉੱਲ-ਹੱਕ | (ii) 122 ਵਾਂ ਸਥਾਨ |
| 3. ਰਾਸ਼ਟਰੀ ਪ੍ਰਸੰਨਤਾ ਦਰਜਾਬੰਦੀ | (iii) ਮਨੁੱਖੀ ਵਿਕਾਸ ਇੰਡੈਕਸ |
| 4. ਸੰਯੁਕਤ ਰਾਸ਼ਟਰ ਵਿਕਾਸ ਪ੍ਰੋਗਰਾਮ | (iv) ਜਿਗਮੇ ਸਿੰਘ ਵਾਂਗਚੂ |

12.

1. ਮਨੁੱਖੀ ਵਿਕਾਸ ਸੂਚਕ ਦੀ ਕੀਮਤ (i) 68.84 ਪ੍ਰਤੀਸ਼ਤ
2. ਮਨੁੱਖ ਦੀਆਂ ਤਿੰਨ ਬੁਨਿਆਦੀ ਲੋੜਾਂ (ii) 87.70% ਵੱਸੋਂ ਪਿੰਡਾਂ ਵਿੱਚ ਨਿਵਾਸ
3. ਭਾਰਤ ਵਿੱਚ ਪਿੰਡਾਂ ਦੀ ਆਬਾਦੀ (iii) ਰੋਟੀ, ਕੱਪੜਾ ਅਤੇ ਮਕਾਨ
4. ਤਰਨਤਾਰਨ (iv) 0 ਤੋਂ 1 ਵਿਚਕਾਰ

13.

1. ਸ਼ਹਿਰੀ ਬਸਤੀ ਦੀ ਸਭ ਤੋਂ ਛੋਟੀ ਇਕਾਈ (i) ਜੀਨ ਗੋਟਮੈਨ
2. ਮਹਾਂਨਗਰ (ii) ਪੈਟਰਿਕ ਗੈਡਿਮ
3. ਵਿਸ਼ਾਲ ਸ਼ਹਿਰੀ ਖੇਤਰ ਧਾਰਨਾ (iii) ਅਬਾਦੀ 10 ਲੱਖ ਤੋਂ ਵੱਧ
4. ਕੌਨਅਰਬੇਸ਼ਨ (iv) ਕਸਬਾ

14

1. ਸਮਾਰਟ ਸ਼ਹਿਰ (i) 6,40,930
2. ਵਿਕਾਸ ਧੁਰੇ ਦੀ ਧਾਰਣਾ (ii) ਲੁਧਿਆਣਾ
3. ਭਾਰਤ ਵਿੱਚ ਕੁੱਲ ਪਿੰਡਾਂ ਦੀ ਗਿਣਤੀ (ਪਹਿਲੀ) (iii) ਫਰਾਂਸਿਸ ਪੈਰੋਕਸ
4. ਸਮਾਰਟ ਸਿਟੀ (ਪੰਜਾਬ ਪ੍ਰੋਜੈਕਟ ਅਧੀਨ) (iv) ਵਿਕਾਸ ਦੇ ਇੰਜਣ

15. ਵੱਖ-ਵੱਖ ਦੇਸ਼ਾਂ ਦੀ ਕੀਮਤਾਂ ਦਾ ਸਹੀ ਮਿਲਾਨ ਕਰੋ:-

1. ਦੱਖਣੀ ਅਫਰੀਕਾ (i) 0.55
2. ਪਾਕਿਸਤਾਨ (ii) 0.804
3. ਭਾਰਤ (iii) 0.624
4. ਰੂਸ (iv) 0.666

16.

1 ਡਾ. ਅਮੱਰਮਿਆ ਸੇਨ (i) ਵਿਕਾਸ ਧੁਰੇ ਦੀ ਧਾਰਣਾ
2. ਡਾ. ਮਹਬੂਬ-ਉੱਲ-ਹੱਕ (ii) ਨੋਬਲ ਇਨਾਮ ਜੇਤੂ
3. ਫਰਾਂਸਿਸ ਪੈਰੋਕਸ (iii) ਭੂਟਾਨ ਦੇ ਬਾਦਸ਼ਾਹ
4. ਜਿਗਮੇ ਸਿੰਘ ਵਾਂਗਚੂ (iv) ਮਨੁੱਖੀ ਵਿਕਾਸ ਸੂਚਕਾਂਕ 1990

17. ਸਾਲ 2017 ਦੇ ਅਨੁਸਾਰ ਸੰਸਾਰ ਦਾ ਪ੍ਰਸੰਨਤਾ ਸੂਚਕਾਂਕ ਧਿਆਨ ਵਿੱਚ ਰੱਖਦੇ ਹੋਏ ਮਿਲਾਨ ਕਰੋ:-

1. ਪਹਿਲਾ ਸਥਾਨ (i) ਡੈਨਮਾਰਕ
2. ਦੂਸਰਾ ਸਥਾਨ (ii) ਭਾਰਤ
3. ਸਤਵਾਂ (iii) ਕੇਨੇਡਾ
4. 122 ਵਾਂ ਸਥਾਨ (iv) ਨਾਰਵੇ

18. ਮਨੁੱਖੀ ਵਿਕਾਸ ਸੂਚਕ (ਭਾਰਤ) ਨੂੰ ਧਿਆਨ ਵਿੱਚ ਰੱਖਦੇ ਹੋਏ ਮਿਲਾਨ ਕਰੋ:-

| | |
|---|---|
| 1. ਕੇਰਲ | (i) 0.6701 |
| 2. ਹਿਮਾਚਲ ਪ੍ਰਦੇਸ਼ | (ii) 0.6663 |
| 3. ਤਾਮਿਲਨਾਡੂ | (iii) 0.6614 |
| 4. ਪੰਜਾਬ | (iv) 0.7117 |

19. ਹੇਠ ਲਿਖੀਆਂ ਬਸਤੀਆਂ ਦਾ ਮਿਲਾਨ ਕਰੋ:-

| | |
|---|---|
| 1. ਰੇਖੀ ਨਮੂਨਾਂ | (i) ਪੰਜਾਬ ਅਤੇ ਹਰਿਆਣਾ ਦੇ ਮੈਦਾਨ |
| 2. ਅਰਧ ਵਿਆਸ ਨਮੂਨਾ | (ii) ਛੱਪੜ, ਝੀਲ ਆਦਿ ਦੇ ਦੁਆਲੇ |
| 3. ਤਾਰੇ ਵਰਗਾ ਨਮੂਨਾ | (iii) ਚੱਕਰ ਦੇ ਅਰਧ ਵਿਆਸ ਵਾਂਗ |
| 4. ਗੋਲਾਕਰ ਨਮੂਨਾ | (iv) ਰੇਲਵੇ ਲਾਇਨ ਦੇ ਸਮਾਨ-ਅੰਤਰ |

20. ਹੇਠ ਲਿਖਿਆ ਦਾ ਮਿਲਾਨ ਕਰੋ:-

| | |
|---|---|
| 1. ਮੇਰਿਨ ਡਰਾਈਵ | (i) ਚੰਡੀਗੜ੍ਹ |
| 2. ਪੰਜਾਬ ਅਤੇ ਹਰਿਆਣਾ ਦੀ ਰਾਜਧਾਨ | (ii) ਜਾਪਾਨ |
| 3. ਟੋਕਿਓ | (iii) ਕੋਲਕਾਤਾ |
| 4. ਹਾਵੜਾ | (iv) ਮੁਬੰਈ |

ਖਾਲੀ ਥਾਵਾਂ ਲਈ ਸਹੀ ਉੱਤਰ ਚੁਣੋ:-

21. ਡਾਕਟਰ ਮਹਬੂਬ-ਉੱਲ-ਹੱਕ__________ ਦੇਸ਼ ਦੇ ਅਰਥ ਸ਼ਾਸਤਰੀ ਹਨ। (ਪਾਕਿਸਤਾਨ, ਭਾਰਤ)

22. "__________ ਦਾ ਮਤਲਬ ਲੋਕਾਂ ਲਈ ਵਿਕਲਪ ਜਾਂ ਚੋਣ ਦੇ ਦਾਇਰੇ ਵਿੱਚ ਵਾਧਾ ਕਰਨਾ ਹੈ, ਤਾਂ ਜੋ ਉਹ ਸ਼ਾਨ ਨਾਲ ਲੰਬੀ ਤੇ ਸਿਹਤਮੰਦ ਜਿੰਦਗੀ ਜਿਉਂ ਸਕਣ।" (ਵਾਧਾ, ਵਿਕਾਸ)

23. ਮਨੁੱਖੀ ਵਿਕਾਸ ਸੂਚਕ ਦੀ ਕੀਮਤ __________ ਵਿਚਕਾਰ ਹੁੰਦੀ ਹੈ। (0 ਤੋਂ 2, 0ਤੋਂ 1)

24. ਪੰਜਾਬ ਰਾਜ ਦੇ __________ਪਿੰਡਾਂ ਵਿੱਚ ਅਬਾਦੀ 1. 73. 44. 192 ਵਿਅਕਤੀ ਹੈ। (12, 581, 14, 915)

25. __________ਇੱਕ ਵੱਡਾ ਸ਼ਹਿਰ ਹੈ ਜਿਸ ਦੀ ਅਬਾਦੀ __________ਵਿਅਕਤੀ (ਇੱਕ ਮਿਲੀਅਨ) ਜਾਂ ਇਸ ਤੋਂ ਵੱਧ ਹੁੰਦੀ ਹੈ। (ਮਹਾਂਨਗਰ, ਸ਼ਹਿਰ)

26. ਘੱਟ ਮਾਨਵ ਵਿਕਾਸ ਦਾ ਦੇਸ਼__________ਹੈ। (ਜਾਪਾਨ, ਮਿਸਰ)

27. __________ਬਸਤੀਆਂ ਕਿਸੇ ਛੱਪੜ, ਝੀਲ, ਕਰੇਟਰ, ਮੰਦਰ ਜਾਂ ਮਸਜਿਦ ਆਦਿ ਦੇ ਦੁਆਲੇ ਵਿਕਸਤ ਹੁੰਦੀ ਹੈ। (ਗੋਲਾਕਾਰ, ਤਾਰੇ ਵਰਗਾ)

28. ਸਾਲ 2011 ਵਿੱਚ ਮਹਾਂਨਗਰਾ ਦੀ ਗਿਣਤੀ __________ ਹੋ ਗਈ ਹੈ। (53, 35)

29. ਅਗਸਤ 2015 ਵਿੱਚ __________ਸ਼ਹਿਰਾਂ ਜਾਂ ਕਸਬਿਆਂ ਨੂੰ ਹੀ ਸਮਾਰਟ ਸ਼ਹਿਰਾਂ ਦੇ ਤੌਰ ਤੇ ਵਿਕਸਤ ਕਰਨ ਲਈ ਚੁਣਿਆ ਗਿਆ। (98, 24)

30. ਭਾਰਤ ਦਾ ਕੁੱਲ ਰਾਸ਼ਟਰੀ ਪ੍ਰਸੰਨਤਾ ਦਰਜਾਬੰਦੀ ਵਿੱਚ __________ਸਥਾਨ ਹੈ। (122ਵਾਂ, ਸੱਤਵਾਂ)

ਸਹੀ ਲਈ (✓) ਠੀਕ ਦਾ ਨਿਸ਼ਾਨ ਲਗਾਓ ਅਤੇ ਗਲਤ ਲਈ (×) ਗਲਤ ਦਾ ਨਿਸ਼ਾਨ ਲਗਾਓ।

31. ਪੰਜਾਬ ਦਾ ਮਨੁੱਖੀ ਵਿਕਾਸ ਸੂਚਕ ਸੰਬਧੀ ਅੰਕ 0.6614 ਹੈ ਅਤੇ ਇਹ ਰਾਜ ਦੇਸ਼ ਵਿੱਚ ਪੰਜਵੇ ਸਥਾਨ ਤੇ ਹੈ। ( )

32. ਤਿਕੋਣਾ ਅਕਾਰ ਦੀਆਂ ਬਸਤੀਆਂ ਤਿੰਨ ਪਾਸਿਆਂ ਤੋਂ ਕਿਸੇ ਤਰ੍ਹਾਂ ਦੀ ਰੁਕਾਵਟ ਦੇ ਨਤੀਜੇ ਕਰਕੇ ਹੁੰਦੀ ਹੈ। ( )

33. ਭਾਰਤ ਵਿੱਚ ਕੋਈ ਵੀ ਸ਼ਹਿਰੀ ਬਸਤੀ ਜਿਸਦੀ ਅਬਾਦੀ 5000 ਤੋਂ ਘੱਟ ਹੈ ਨੂੰ ਸ਼ਹਿਰੀ ਸ਼੍ਰੇਣੀ ਵਿੱਚ ਸ਼ਾਮਲ ਕੀਤਾ ਗਿਆ ਹੈ। ( )

34. ਵਿਕਾਸ ਧੁਰੇ ਦੀ ਧਾਰਣਾ ਸਭ ਤੋਂ ਪਹਿਲਾਂ ਫਰਾਂਸਿਸ ਪੈਰੋਕਸ ਨੇ 1955 ਵਿੱਚ ਵਿਕਸਤ ਕੀਤੀ। ( )

35. ਕੁੱਲ ਰਾਸ਼ਟਰੀ ਪ੍ਰਸੰਨਤਾ ਸੂਚਕਾਂਕ 1979 ਵਿੱਚ ਭੂਟਾਨ ਦੇ ਬਾਦਸ਼ਾਹ ਜਿਗਸੇ ਸਿੰਘੇ ਵਾਂਗਚੂ ਨੇ ਸੁਝਾਇਆ ਸੀ ( )

36. ਮਨੁੱਖੀ ਵਿਕਾਸ ਦਾ ਕੋਈ ਵੀ ਮੰਤਵ ਨਹੀਂ ਹੈ। ( )

37. ਲੁਧਿਆਣਾ ਜ਼ਿਲੇ ਵਿੱਚ 40.8 ਪ੍ਰਤੀਸ਼ਤ ਵੱਸੋਂ ਹੀ ਪਿੰਡਾਂ ਵਿੱਚ ਰਹਿੰਦੀ ਹੈ। ( )

38. ਕੋਲਕਾਤਾ ਮਹਾਂਨਗਰ ਖੇਤਰ ਹੈ ਜਿਸ ਵਿੱਚ ਛੋਟੇ-ਵੱਡੇ 85 ਕਸਬੇ ਜਾਂ ਸ਼ਹਿਰ ਆਪਸ ਵਿੱਚ ਮਿਲ ਕੇ ਸ਼ਹਿਰੀ ਖੇਤਰ ਦਾ ਨਿਰਮਾਣ ਕਰਦੇ ਹਨ। ( )

39. ਟੋਕਿਓ ਜਾਪਾਨ ਦਾ ਇੱਕ ਵਿਸ਼ਾਲ ਸ਼ਹਿਰੀ ਖੇਤਰ ਹੈ। ( )

40. ਡਾ. ਅਰਮੱਤਿਆ ਸੇਨ ਨੋਬਲ ਇਨਾਮ ਜੇਤੂ ਭਾਰਤ ਦੇ ਅਰਥ ਸ਼ਾਸਤਰੀ ਹਨ। ( )

ਹੇਠ ਲਿਖਿਆਂ ਦਾ ਉੱਤਰ ਇੱਕ ਜਾਂ ਦੋ ਵਾਕਾਂ ਵਿੱਚ ਦਿਓ:-

41. ਮਨੁੱਖੀ ਵਿਕਾਸ ਤੋਂ ਤੁਸੀ ਕੀ ਸਮਝਦੇ ਹੋ?

42. ਪੰਜਾਬ ਦਾ ਕਿਹੜਾ ਸ਼ਹਿਰ 'ਸਮਾਰਟ ਸਿਟੀ' ਪ੍ਰਾਜੈਕਟ ਦੇ ਪ੍ਰਥਮ ਦੌਰ ਵਿੱਚ ਸ਼ਾਮਿਲ ਹੋਇਆ ਹੈ ਅਤੇ ਇਸਦੀ ਕਿੰਨੇ ਪ੍ਰਤੀਸ਼ਤ ਅਬਾਦੀ ਪਿੰਡਾਂ ਵਿੱਚ ਰਹਿੰਦੀ ਹੈ?

43. ਵਿਸ਼ਾਲ ਸ਼ਹਿਰੀ ਖੇਤਰ ਕੀ ਹੈ?

44. ਬੱਦਲ ਵਰਗਾ ਨਮੂਨਾ (ਬਸਤੀਆਂ) ਕਿਸ ਨੂੰ ਕਹਿੰਦੇ ਹਨ?

45. ਮਨੁੱਖੀ ਵਿਕਾਸ ਇੰਡੈਕਸ (HDI) ਵਿੱਚ ਸ਼ਾਮਿਲ ਕੀਤੇ ਗਏ ਕੋਈ ਦੋ ਤੱਤਾਂ ਦਾ ਨਾਂ ਦੱਸੋ?

46. ਸਮਾਰਟ ਸ਼ਹਿਰ ਬਾਰੇ ਇੱਕ ਜਾਂ ਦੋ ਵਾਂਕਾ ਵਿੱਚ ਦੱਸੋ?

47. ਕੁੱਲ ਰਾਸ਼ਟਰੀ ਪ੍ਰਸੰਨਤਾ ਤੋਂ (ਦੇ ਬਾਰੇ) ਤੁਸੀ ਕੀ ਜਾਣਦੇ ਹੋ?

48. ਵਿਕਾਸ ਦੇ ਕੋਈ ਦੇ ਮੱਹਤਪੂਰਣ ਪਹਿਲੂ ਕਿਹੜੇ ਹਨ?

49. ਕੋਲਕਾਤਾ ਮਹਾਂਨਗਰ ਖੇਤਰ ਵਿੱਚ ਕਿੰਨੇ ਕਸਬੇ ਜਾਂ ਸ਼ਹਿਰ ਹਨ?

50. ਆਰ. ਪੀ. ਸ਼ਰਮਾ ਅਨੁਸਾਰ ਵਿਕਾਸ ਕੇਂਦਰ ਜਾ ਵਿਕਾਸ ਫੋਕਲ ਪੁਆਇੰਟ ਵਿੱਚ ਸ਼ਾਮਿਲ ਕੀਤੇ ਗਏ ਕੋਈ ਦੋ ਪੱਧਰ ਦੱਸੋ?

51. ਮਨੁੱਖੀ ਵਸੇਬਿਆਂ ਨੂੰ ਕਿਹੜੇ ਦੋ ਭਾਗਾਂ ਵਿੱਚ ਵੰਡਿਆ ਜਾਂਦਾ ਹੈ?

52. ਸੰਸਾਰ ਵਿੱਚ ਕਿਸ ਦੇਸ਼ ਦਾ ਮਨੁੱਖੀ ਸੂਚਕ ਅੰਦ ਸਭ ਤੋਂ ਵੱਧ ਹੈ ਅਤੇ ਕਿੰਨਾ?

53. ਹੇਠ ਲਿਖੀ ਸਾਰਣੀ ਲਈ ਰੇਖਾ ਚਿੱਤਰਾਂ ਬਣਾਓ?

ਜਾਂ

ਹੇਠ ਲਿਖੀ ਸਾਰਣੀ ਤੋਂ ਵੱਖ-2 ਰਾਜਾ ਦੇ HDI ਅੰਕ ਦੱਸੋ?

| ਭਾਰਤ (ਰਾਜ) | **HDI ਅੰਕ** |
|---|---|
| 1. ਕੇਰਲ | 0.7117 ਅੰਕ |
| 2. ਹਿਮਾਚਲ ਪ੍ਰਦੇਸ਼ | 0.6701 ਅੰਕ |

3. ਗੋਆ 0.6701

4. ਮਹਾਰਾਸ਼ਟਰ 0.6659

5. ਪੰਜਾਬ 0.6614

54. ਭਾਰਤ ਦੇ ਨਕਸ਼ੇ ਤੇ ਸਥਾਨ ਅੰਕਿਤ (Smart cities) ਕਰੋ?
1. ਜੈਪੁਰ
2. ਕੋਚੀ
3. ਲੁਧਿਆਣਾ

55. ਸੰਸਾਰ ਦੇ ਨਕਸ਼ੇ ਤੇ ਦਿਖਾਓ; (Hppiest countries)
1. ਨਾਰਵੇ
2. ਭਾਰਤ
3.ਆਸਟਰੇਲੀਆ

56 'ਵਾਧਾ' ਅਤੇ 'ਵਿਕਾਸ' ਵਿੱਚ ਅੰਤਰ ਸਪਸ਼ਟ ਕਰੋ?
57. ਭਾਰਤ ਵਿੱਚ ਪੇਂਡੂ ਬਸਤੀਆਂ ਰੇਖੀ ਨਮੂਨੇ ਅਤੇ ਆਇਆਕਾਰ ਨਮੂਨੇ ਦਾ ਆਪਸੀ ਅੰਤਰ ਦੱਸੋ?
58. ਮਹਾਂਨਗਰ, ਕਿਸੇ ਵਿਸ਼ਾਲ ਸ਼ਹਿਰੀ ਖੇਤਰ ਤੋਂ ਵੱਖਰਾ ਹੁੰਦਾ ਹੈ, ਉਦਾਹਰਣ ਦੇ ਕੇ ਸਮਝਾਓ?
59. ਗੋਲਾਕਾਰ ਬਸਤੀਆ ਦਾ ਚਿੱਤਰ ਬਣਾ ਕੇ ਸਮਝਾਓ?
60. ਸ਼ਹਿਰੀ ਅਤੇ ਪੇਂਡੂ ਬਸਤੀਆਂ ਦੇ ਕੋਈ ਤਿੰਨ ਭੇਦ ਦੱਸੋ?
61. ਰਹਿਣ-ਸਹਿਣ ਦਾ ਕਿਹੋ ਜਿਹਾ ਪੱਧਰ ਚੰਗੇ ਵਿਕਾਸ ਦਾ ਸੂਚਕ ਹੈ, ਉਦਾਹਰਣ ਸਹਿਤ ਸਮਝਾਓ?
62. ਅਰਧ ਵਿਆਸ ਨਮੂਨੇ ਦੀਆਂ ਬਸਤੀਆਂ ਅਤੇ ਤਾਰੇ ਵਰਗੇ ਨਮੂਨੇ ਦੀਆਂ ਬਸਤੀਆਂ ਦਾ ਅੰਤਰ ਸਪਸ਼ਟ ਕਰੋ?
63. ਭਾਰਤ ਦੇ ਕਿਸੇ ਵੀ ਇੱਕ ਮਹਾਨਗਰ ਦੀ ਉਦਾਹਰਣ ਦਿਓ ਉਸ ਦੀ ਜਾਣਦੇ ਹੋ ਵਿਆਖਿਆ ਕਰੋ?
64. ਸ਼ਹਿਰੀ ਪਿੰਡ ਅਤੇ ਸ਼ਹਿਰ ਕੀ ਹੈ, ਉਦਾਹਰਣ ਦੇ ਕੇ ਸਮਝਾਓ?

## ਪ੍ਰਸ਼ਨ ਬੈਂਕ (MR/HI/VI)

### Class-XII

### ਅਧਿਆਇ-4

ਬਹੁ-ਵਿਕਲਪੀ ਪ੍ਰਸ਼ਨ

1. ਕਿਹੜੀ ਆਰਥਿਕ ਕਿਰਿਆ ਨੂੰ ਸਰਵਉੱਚ ਪੱਧਰ ਤੇ ਨੀਤੀਗਤ ਫੈਸਲੇ ਲੈਣ ਨਾਲ ਸਬੰਧਤ ਕੀਤਾ ਜਾਂਦਾ ਹੈ?

i) ਕੁਈਨਰੀ ਖੇਤਰ (ii) ਕੁਆਰਟਨਰੀ ਖੇਤਰ (iii) ਟਰਸ਼ਰੀ ਖੇਤਰ (iv) ਕੋਈ ਵੀ ਨਹੀਂ

2. ਖਾਨਾਬਦੋਸ਼ਾਂ ਦਾ ਸਭ ਤੋਂ ਪੁਰਾਣਾ ਧੰਦਾ ਕਿਹੜਾ ਹੈ?

i) ਵਪਾਰ (ii) ਪਸ਼ੂ ਪਾਲਣਾ (iii) ਕੋਈ ਵੀ ਨਹੀਂ

3. ਭਾਰਤ ਵਿੱਚ ਖੇਤੀ ਕਰਨ ਦੇ ਕਿੰਨੇ ਮੌਸਮ ਹਨ?

i) ਚਾਰ (ii) ਤਿੰਨ (iii) ਪੰਜ (iv) ਦੋ

4. ਭਾਰਤ ਦਾ ਕੁੱਲ ਭੂਗੋਲਿਕ ਖੇਤਰਫਲ ਦੱਸੋ।

i) 328.73 ਮਿਲੀਅਨ (ii) 424.24 ਮਿਲੀਅਨ (iii) ਕੋਈ ਵੀ ਨਹੀਂ

5. ਕਪਾਹ, ਪਟਸਨ, ਗੰਨਾ, ਤੰਮਾਕੂ ਆਦਿ ਫਸਲਾਂ ਦੀ ਕਿਹੜੀ ਵੰਡ ਹੈ?

i) ਖੁਰਾਕੀ ਅੰਨ (ii) ਨਕਦ ਫਸਲਾਂ (iii) ਰੋਪਣ ਫਸਲਾਂ (iv) ਬਾਗਵਾਨੀ ਫਸਲਾਂ

6. ਕਣਕ ਕਿਸ ਮੌਸਮ ਦੀ ਫਸਲ ਹੈ?

i) ਰਬੀ ਜਾਂ (ਹਾੜੀ) (ii) ਸਾਉਣੀ (ਖਰੀਫ) (iii) ਜ਼ੈਦ (iv) ਕੋਈ ਵੀ ਨਹੀਂ

7. ਚਾਹ ਦੀਆਂ ਕਿੰਨੀਆਂ ਕਿਸਮਾਂ ਹਨ?

i) ਛੇ (ii) ਚਾਰ (iii) ਦੋ (iv) ਕੋਈ ਵੀ ਨਹੀਂ

8. ਹੇਠ ਲਿਖਿਆਂ ਵਿੱਚੋਂ ਕਿਹੜੀ ਤੀਸਰੇ ਪੱਧਰ ਦੇ ਖੇਤਰ ਦੀ ਕਿਰਿਆ ਹੈ?

i) ਥੋਕ-ਪ੍ਰਚੂਨ ਵਿਕਰੀ (ii) ਖੇਤੀ ਬਾੜੀ (iii) ਨੀਤੀਗਤ ਫੈਸਲੇ ਸਰਵਉੱਚ ਪੱਧਰ ਤੇ (iv) ਕੋਈ ਵੀ ਨਹੀਂ

9. ਭਾਰਤ ਦੁਨੀਆਂ ਦੀ ਕਿੰਨੇ ਪ੍ਰਤੀਸ਼ਤ ਕਣਕ ਦਾ ਉਤਪਾਦਨ ਕਰਦਾ ਹੈ?

i) 8.7% (ii) 6.9% (iii) ਕੋਈ ਵੀ ਨਹੀਂ

10. ਲੰਬੇ ਰੇਸ਼ੇ ਵਾਲੀ ਕਪਾਹ ਦੀ ਲੰਬਾਈ ਕਿੰਨੀ ਹੁੰਦੀ ਹੈ:

i) 24 ਤੋਂ 27 ਮਿ.ਮੀ. (ii) 20 ਮਿ. ਮੀ. ਤੋਂ ਘੱਟ (iii) ਕੋਈ ਵੀ ਨਹੀਂ

11. ਹੇਠ ਲਿਖਿਆਂ ਦਾ ਮਿਲਾਨ ਕਰੋ:

| | |
|---|---|
| 1. ਕਪਾਹ | ਪਰਬਤ-ਦੋਮਟ ਮਿੱਟੀ |
| 2. ਕਣਕ | ਦੋਮਟ, ਕਾਲੀ, ਲਾਲ, ਭੂਰੀ |
| 3. ਕੌਫੀ | ਕਾਲੀ ਰੇਗੜ ਮਿੱਟੀ |
| 4. ਗੰਨਾ | ਦੋਮਟ/ਜਲੋਢ |

12.

| | |
|---|---|
| 1. ਸਹਾਇਕ ਖੇਤਰ | ਬੌਧਿਕ ਕਿਰਿਆਵਾਂ |

| | |
|---|---|
| 2. ਟਰਸ਼ਰੀ ਖੇਤਰ | ਸਰਵਉੱਚ ਪੱਧਰ |
| 3. ਕੁਆਟਰਨਰੀ ਖੇਤਰ | ਸੇਵਾਵਾਂ |
| 4. ਕੁਈਨਰੀ ਖੇਤਰ | ਧਾਤਾਂ ਤੋਂ ਕੁਝ ਹੋਰ ਵਸਤ ਤਿਆਰ ਕਰਨੀ |

13.

| | |
|---|---|
| 1. ਰੁੱਤ ਪ੍ਰਵਾਸ | Pastoralism |
| 2. ਚਰਾਗਾਹਾਂ | ਘੱਟ ਵਰਖਾ |
| 3. ਐਲ ਨੀਨੋ | ਬਿਨੌਲਾ ਤੇਲ |
| 4. ਕਪਾਹ ਦੇ ਬੀਜ | Transhumance |

14.

| | |
|---|---|
| 1. ਪਟਸਨ | ਗੰਡੋਏ ਪਾਲਣਾ |
| 2. ਪੰਜਾਬ | ਚਿਕਮੰਗਲੂਰ |
| 3. ਵਰਮੀਕਲਚਰ | ਭਾਰਤ ਦਾ ਅਨਾਜ ਭੰਡਾਰ |
| 4. ਕਰਨਾਟਕ | ਸੁਨਹਿਰੀ ਰੇਸ਼ਾ |

15.

| | |
|---|---|
| 1. ਚਿੱਟੀ ਚਾਹ | ਤਾਜੀ ਪੱਤੀ |
| 2. ਕਾਲੀ ਚਾਹ | ਤਾਜੀ ਪੱਤੀ ਵਾਲੀ ਚਾਹ |
| 3. ਓਲੌਂਗ ਚਾਹ | ਪੀਸੀ ਹੋਈ ਨਿੱਕੀ ਪੱਤੀ |
| 4. ਪੀਲੀ ਚਾਹ | ਮੁਰਝਾਈ ਹੋਈ ਪੱਤੀ |

16.

| | |
|---|---|
| 1. ਰੂਮ ਸਾਗਰ ਦਾ ਪੂਰਬੀ ਭਾਗ | ਫਰਵਰੀ ਤੋਂ ਮਾਰਚ (ਬਿਜਾਈ ਦਾ ਸਮਾਂ) |
| 2. ਪੂਰਬੀ ਨਮੀ ਵਾਲਾ ਖੇਤਰ | ਅਗਸਤ ਤੋਂ ਸਤੰਬਰ |
| 3. ਜੈਦ ਰਬੀ | 150 ਸੈਂਟੀਮੀਟਰ ਤੋਂ ਵੱਧ ਸਲਾਨਾ ਵਰਖਾ |
| 4. ਜੈਦ ਖਰੀਫ | ਲੇਵਾਂਤ |

17.

| | |
|---|---|
| 1. Vegeculture | ਰੇਸ਼ਮ ਦੇ ਕੀੜੇ ਪਾਲਣਾ |
| 2. Sericulture | ਪੰਛੀ ਪਾਲਣਾ |
| 3. Aviculture | ਅੰਗੂਰਾਂ ਦੀ ਖੇਤੀ |
| 4. Viticulture | ਸਬਜੀਆਂ ਉਗਾਉਣਾ |

18.

| | |
|---|---|
| 1. Brown Revolution (ਭੂਰੀ ਕ੍ਰਾਂਤੀ) | ਮੀਟ ਉਤਪਾਦਨ |

2. ਗੁਲਾਬੀ ਕ੍ਰਾਂਤੀ — ਅੰਡਿਆਂ ਦਾ ਉਤਪਾਦਨ
3. ਸਲੇਟੀ ਕ੍ਰਾਂਤੀ — ਹਰ ਪਾਸਿਓਂ ਖੁਸ਼ਹਾਲੀ
4. ਸਤਰੰਗੀ ਕ੍ਰਾਂਤੀ — ਚਮੜੇ ਦੇ ਉਤਪਾਦਨ ਵਿੱਚ ਵਾਧਾ

19.

1. ਖਰਾਕੀ ਅੰਨ — ਕਪਾਹ, ਪਟਸਨ ਆਦਿ
2. ਨਕਦ ਫਸਲਾਂ — ਚਾਹ, ਕੌਫੀ, ਮਸਾਲੇ ਆਦਿ
3. ਰੋਪਣ ਫਸਲਾਂ — ਸੇਬ, ਆੜੂ, ਨਾਸ਼ਪਾਤੀ ਆਦਿ
4. ਬਾਗਬਾਨੀ ਫਸਲਾਂ — ਕਣਕ, ਮੱਕੀ, ਚੌਲ ਆਦਿ

20. ਹੇਠ ਲਿਖਿਆ ਨੂੰ ਪਾਲੇ ਜਾਣ ਵਾਲੇ ਜੀਵ-ਜੰਤੂ ਨਾਲ ਜੋੜੇ ਬਣਾਓ:

1. ਕੇਰਲ — ਟੋਡਾ (ਮੱਝਾਂ)
2. ਤਾਮਿਲਨਾਡੂ — ਮੋਨਪਾ (ਯਾਕ)
3. ਅਰੁਣਾਚਲ ਪ੍ਰਦੇਸ਼ — ਧਨਗਰ (ਭੇਡਾਂ)
4. ਮਹਾਰਾਸ਼ਟਰ — ਬੱਤਖ ਪਾਲਣ

ਖਾਲੀ ਥਾਵਾਂ ਲਈ ਸਹੀ ਉੱਤਰ ਚੁਣੋ:

21. ਆਰਥਿਕ ਭੂਗੋਲ __________ ਭੂਗੋਲ ਦੀ ਮਹੱਤਵਪੂਰਣ ਸਾਖ ਹੈ। (ਭੌਤਿਕ ਭੂਗੋਲ, ਮਾਨਵ ਭੂਗੋਲ)

22. ਗੰਨਾ ਉਗਾਉਣ ਵਾਲੇ ਖੇਤ ਵਿੱਚ ਉਪਜਾਊ ਸ਼ਕਤੀ ਬਹੁਤ ਜਲਦੀ ਖਤਮ ਹੋ ਜਾਂਦੀ ਹੈ। ਇਸ ਲਈ __________ ਦੀ ਲੋੜ ਰਹਿੰਦੀ ਹੈ। ( ਰਸਾਇਣਿਕ ਖਾਦਾਂ, ਪਾਣੀ)

23. ਕੌਫੀ ਦੀਆਂ __________ ਹੱਥਾਂ ਨਾਲ ਤੋੜਨੀਆਂ ਪੈਂਦੀਆਂ ਹਨ। (ਫਲੀਆਂ, ਪੱਤੇ)

24. __________ ਕਿਸਮ ਦੀ ਮੱਝਾਂ ਦੀ ਪਾਲਣਾ ਦੱਖਣੀ ਭਾਰਤ ਦੇ ਪੂਰਬੀ ਅਤੇ ਪੱਛਮੀ ਘਾਟ ਤੇ ਕੀਤੀ ਜਾਂਦੀ ਹੈ। (ਗੋਲਾ, ਟੋਡਾ)

25. ਉੱਤਰ ਪੂਰਬੀ ਭਾਰਤ ਵਿੱਚ ਸਥਾਨ-ਅੰਤਰਣ ਖੇਤੀ ਨੂੰ __________ ਵੀ ਕਿਹਾ ਜਾਂਦਾ ਹੈ। (ਝੂਮਿੰਗ, ਸੰਘਣੀ ਨਿਰਵਾਹ ਖੇਤੀ)

26. __________ ਦੇ ਮਾਵਸਿਨਰਮ (Mawsynram) ਵਿੱਚ ਸੰਸਾਰ ਵਿੱਚ ਸਭ ਤੋਂ ਵੱਧ ਵਰਖਾ ਹੁੰਦੀ ਹੈ। (ਮੇਘਾਲਿਆ, ਮਿਜ਼ੋਰਮ)

27. ਕਣਕ ਵਿੱਚ 13% __________ ਤੱਤ ਮੌਜੂਦ ਹੁੰਦੇ ਹਨ ਜੋ ਕਿ ਬਾਕੀ ਖੁਰਾਕ ਅੰਨ ਫਸਲਾਂ ਦੇ ਮੁਕਾਬਲੇ ਜਿਆਦਾ ਹਨ। (ਪ੍ਰੋਟੀਨ, ਕਾਰਬੋਹਾਈਡਰੇਟ)

28. ਪੰਜਾਬ ਦੇ ਕੁੱਲ ਘਰੇਲੂ ਉਤਪਾਦਨ (GDP) ਵਿੱਚ ਖੇਤੀ ਦਾ ਹਿੱਸਾ ਪ੍ਰਤੀਸ਼ਤ __________ ਹੋ ਰਿਹਾ ਹੈ। (ਘੱਟ, ਵੱਧ)

29. ਰਸਾਇਣਿਕ ਖੇਤੀ ਨੂੰ ਘੱਟ ਕਰਨ ਤੇ ਕੁਦਰਤੀ ਸੋਮਿਆਂ ਨੂੰ ਬਚਾਉਣ ਲਈ __________ ਖੇਤੀ ਨੂੰ ਉਤਸ਼ਾਹਿਤ ਕਰਨਾ ਚਾਹੀਦਾ ਹੈ। (ਜੈਵਿਕ, ਅਜੈਵਿਕ)

30. ਪੰਜਾਬ ਵਿੱਚ __________ ਨੂੰ ਸਬਜ਼ੀਆਂ ਤੇ ਫਲ ਆਦਿ ਪੈਦਾ ਕਰਨ ਲਈ ਪ੍ਰੇਰਿਤ ਕਰਨਾ ਚਾਹੀਦਾ ਹੈ। (ਕਿਸਾਨ, ਵਪਾਰੀ)

ਸਹੀ ਲਈ (✓) ਠੀਕ ਦਾ ਨਿਸ਼ਾਨ ਲਗਾਓ ਅਤੇ ਗਲਤ ਲਈ (×) ਗਲਤ ਦਾ ਨਿਸ਼ਾਨ ਲਗਾਓ।

31. 1960 ਤੋਂ ਬਾਅਦ ਹਰੀ ਕ੍ਰਾਂਤੀ ਦੇ ਬਾਅਦ ਪੰਜਾਬ ਦੀ ਰਵਾਇਤੀ ਖੇਤੀ ਖਤਮ ਹੋ ਗਈ। ( )
32. ਮਿੱਠੀ ਕਾਂਤੀ ਤੋਂ ਭਾਵ ਦੁੱਧ ਅਤੇ ਦੁੱਧ ਤੋਂ ਬਣੀਆਂ ਵਸਤੂਆਂ ਦੇ ਉਤਪਾਦਨ ਵਿੱਚ ਵਾਧਾ ਹੈ। ( )
33. ਪਟਸਨ ਨੂੰ 'ਸੁਨਹਿਰੀ ਰੇਸ਼ਾ' ਵੀ ਕਿਹਾ ਜਾਂਦਾ ਹੈ। ( )
34. ਛੋਟੇ ਰੇਸ਼ੇ ਵਾਲੀ ਕਪਾਹ ਦੀ ਲੰਬਾਈ 27 ਮਿਲੀਮੀਟਰ ਤੱਕ ਹੁੰਦੀ ਹੈ। ( )
35. ਚਾਵਲ ਘਾਹ ਦੀ ਪ੍ਰਜਾਤੀ ਦਾ ਪੌਦਾ ਹੈ। ( )
36. ਫੁੱਲਾਂ ਦੀ ਖੇਤੀ ਨੂੰ Viticulture ਕਿਹਾ ਜਾਂਦਾ ਹੈ। ( )
37. ਨੈਸ਼ਨਲ ਸੈਂਪਲ ਸਰਵੇ ਆਫਿਸ 2011-12 ਅਨੁਸਾਰ ਕੁੱਲ ਵੱਸੋਂ ਦਾ 48.9 ਪ੍ਰਤੀਸ਼ਤ ਹਿੱਸਾ ਖੇਤੀ ਨਾਲ ਜੁੜਿਆ ਹੋਇਆ ਹੈ। ( )
38. ਆਰਥਿਕਤਾ ਦਾ ਤੀਸਰੇ ਪੱਧਰ ਦਾ ਖੇਤਰ ਸੇਵਾਵਾਂ ਦੀ ਸਨਅਤ ਹੁੰਦਾ ਹੈ। ( )
39. ਉਸ਼ਣ ਖੰਡੀ ਘਾਹ ਦੇ ਮੈਦਾਨਾਂ ਵਿੱਚ ਦਾਲਾਂ ਤੇ ਅਨਾਜ ਨਹੀਂ ਉਗਾਇਆ (ਪੈਦਾਵਾਰ) ਜਾਂਦਾ ਹੈ। ( )
40. ਚਾਹ ਮੂਲ ਰੂਪ ਵਿੱਚ ਚੀਨ ਦਾ ਨਿਵਾਸੀ ਪੈਦਾ ਹੈ। ( )

ਹੇਠ ਲਿਖੇ ਪ੍ਰਸ਼ਨਾਂ ਦਾ ਉੱਤਰ ਇੱਕ ਜਾਂ ਦੋ ਵਾਕਾਂ ਵਿੱਚ ਦਿਓ?

41. ਮਾਨਵ ਦੀਆਂ ਆਰਥਿਕ ਕਿਰਿਆਵਾਂ ਨੂੰ ਕਿੰਨੇ ਭਾਗਾਂ ਵਿੱਚ ਵੰਡਿਆ ਜਾ ਸਕਦਾ ਹੈ?
42. ਭਾਰਤ ਵਿੱਚ ਖੇਤੀ ਕਰਨ ਦੇ ਕਿਹੜੇ ਚਾਰ ਮੌਸਮ ਹਨ?
43. ਪੈਸਚਰਲਿਜ਼ਮ ਬਾਰੇ ਦੱਸੋ?
44. ਰਾਜਸਧਾਨ ਵਿੱਚ ਪਸ਼ੂ ਅਤੇ ਚਰਵਾਹੇ ਕਿਹੜੇ ਹਨ?

    ਜਾਂ

    ਰਾਜਸਥਾਨ ਵਿੱਚ ਪਾਲੇ ਜਾਣ ਵਾਲੇ ਜੀਵ-ਜੰਤੂ ਤੇ ਚਰਵਾਹਾ ਭਾਈਚਾਰੇ ਬਾਰੇ ਦੱਸੋ?
45. ਖੇਤੀਬਾੜੀ ਦੀ ਪ੍ਰੀਭਾਸ਼ਾ ਲਿਖੋ?
46. ਸੰਘਣੀ ਨਿਰਵਾਹ ਖੇਤੀ ਨੂੰ ਕਿੰਨੇ ਹਿੱਸਿਆ ਵਿੱਚ ਵੰਡਿਆ ਜਾਂਦਾ ਹੈ?
47. ਪਟਸਨ ਦੀ ਕਾਸ਼ਤ ਲਈ ਕਿਸ ਪ੍ਰਕਾਰ ਦੀ ਮਿੱਟੀ ਦੀ ਲੋੜ ਹੁੰਦੀ ਹੈ?
48. SWOT ਕੀ ਹੈ? ਇਸ ਬਾਰੇ ਦੋ ਵਾਕਾਂ ਵਿੱਚ ਲਿਖੋ?
49. ਸਤਰੰਗੀ ਕਾਂਤੀ ਤੋਂ ਭਾਵ ਹੈ?
50. ਜੈਵਿਕ ਖੇਤੀ ਨੂੰ ਉਤਸ਼ਾਹਿਤ ਕਰਨਾ ਚਾਹੀਦਾ ਹੈ ਜਾਂ ਨਹੀਂ?
51. ਗੰਨਾ ਉਤਪਾਦਨ ਵਿੱਚ ਭਾਰਤ ਦਾ ਕਿਹੜਾ ਸਥਾਨ ਹੈ?
52. ਭਾਰਤ ਵਿੱਚ ਕੌਫੀ ਉਤਪਾਦਨ ਦੇ ਕੋਈ ਤਿੰਨ ਕੇਂਦਰ ਲਿਖੋ?
53. ਬਾਬਾ ਬੁਦਨ ਪਹਾੜੀ ਕਿੱਥੇ ਸਥਿਤ ਹੈ?
54. ਖਾਨਾਬਦੋਸ਼ ਇੱਕ ਜਗ੍ਹਾ ਤੋਂ ਦੂਸਰੀ ਜਗ੍ਹਾ ਤੇ ਕਿਉਂ ਘੁੰਮਦੇ ਰਹਿੰਦੇ ਹਨ?
55. (page No. 89)

    ਉਪਰੋਕਤ ਦਿੱਤੇ ਗਏ ਅੰਕੜਿਆ ਅਨੁਸਾਰ ਬਾਰ ਗਰਾਫ ਬਣਾਓ?

56. ਉਪਰੋਕਤ ਦਿੱਤੇ ਗਏ ਚਿੱਤਰ ਨੂੰ ਧਿਆਨ ਵਿੱਚ ਰੱਖਦੇ ਹੋਏ ਉੱਤਰ ਦਿਓ? (Pg No. 99)

    (i) ਰੋਬਸਟਾ ਕੌਫੀ ਦਾ ਸਭ ਤੋਂ ਵੱਧ ਉਤਪਾਦਨ ਕਰਨ ਵਾਲਾ ਰਾਜ।

(ii) ਅਰੇਬਿਕਾ ਕੌਫੀ ਸਭ ਤੋਂ ਘੱਟ ਉਤਪਾਦਨ ਕਰਨ ਵਾਲਾ ਰਾਜ।

57. ਭਾਰਤ ਦੇ ਨਕਸ਼ੇ ਵਿੱਚ ਸਥਾਨ ਅੰਕਿਤ ਕਰੋ?

(i) ਚਿਕਮੰਗਲੂਰ (ii) ਅਰੁਨਾਚਲਪ੍ਰਦੇਸ਼

58. ਭਾਰਤ ਦੇ ਨਕਸ਼ੇ ਚਾਹ ਉਤਪਾਦਨ ਕੋਈ ਚਾਰ ਕੇਂਦਰ ਦੱਸੋ?

59. ਸ਼ੀਤ ਊਸ਼ਣ ਅਤੇ ਊਸ਼ਣ ਖੰਡੀ ਘਾਹ ਦੇ ਮੈਦਾਨਾਂ ਦਾ ਆਪਸੀ ਅੰਤਰ ਦੱਸੋ?

60. ਕੁਆਟਰਨਰੀ ਖੇਤਰ ਅਤੇ ਕੁਈਨਰੀ ਖੇਤਰ ਦਾ ਆਪਸੀ ਅੰਤਰ ਸਮਝਾਓ?

61. ਪੰਜਾਬ ਦੀ ਖੇਤੀ ਲਈ ਕੋਈ ਦੋ ਖਤਰੇ ਉਦਾਹਰਣ ਦੇ ਕੇ ਸਮਝਾਓ?

62. ਸੰਘਣੀ ਨਿਰਵਾਹ ਖੇਤੀ (ਚਾਵਲ ਪ੍ਰਧਾਨ) ਅਤੇ ਸੰਘਣੀ ਨਿਰਵਾਹ ਖੇਤੀ (ਚਾਵਲ ਰਹਿਤ) ਵਿੱਚ ਇੱਕ ਸਮਾਨਤਾ ਅਤੇ ਕੋਈ ਦੋ ਭਿੰਨਤਾਵਾਂ ਦੱਸੋ?

63. ਚਾਹ ਦੀ ਕਾਸ਼ਤ ਪਹਾੜਾਂ ਦੀਆਂ ਢਲਾਣਾਂ ਤੇ ਕੀਤੀ ਜਾਂਦੀ ਹੈ ਕਿਉ?

64. ਭਾਰਤ ਦੇ ਨਕਸ਼ੇ ਵਿੱਚ ਹੇਠ ਲਿਖੇ ਸਥਾਨ ਦਿਖਾਓ

(i) ਗੰਨਾ ਉਤਪਾਦਨ ਦੇ ਕੋਈ ਦੋ ਸਥਾਨ।

(ii) ਚਾਹ ਉਤਪਾਦਨ ਦੇ ਕੋਈ ਦੋ ਸਥਾਨ।

(iii) ਪੂਰਬੀ ਨਮੀ ਵਾਲਾ ਚਾਵਲ ਖੇਤਰ।

## ਪ੍ਰਸ਼ਨ ਬੈਂਕ (MR/HI/VI)

### Class-XII

### ਅਧਿਆਇ-5
### ਆਰਥਿਕ ਭੂਗੋਲ: ਖਣਿਜ ਅਤੇ ਊਰਜਾ ਸ੍ਰੋਤ

1. ਬਹੁ-ਵਿਕਲਪੀ ਪ੍ਰਸ਼ਨਾਂ ਵਿੱਚੋਂ ਠੀਕ ਉੱਤਰ ਤੇ ਸਹੀ (✓) ਦਾ ਨਿਸ਼ਾਨ ਲਗਾਓ:

I) ਖਣਿਜਾਂ ਨੂੰ ਕਿੰਨੀਆਂ ਕਿਸਮਾਂ ਵਿੱਚ ਵੰਡਿਆ ਜਾਂਦਾ ਹੈ:
(ੳ) ਇੱਕ (ੲ) ਤਿੰਨ
(ਅ) ਦੋ ✓ (ਸ) ਚਾਰ

II) ਦੇਸ਼ ਦੇ ਕੁੱਲ ਘਰੇਲੂ ਉਤਪਾਦਨ ਵਿੱਚ ਖਣਿਜਾਂ ਦਾ ਹਿੱਸਾ ਹੈ:
(ੳ) 2.2 ਤੋਂ 2.5 ਫੀਸਦੀ ✓ (ੲ) 3-4 ਫੀਸਦੀ
(ਅ) 2.5 ਤੋਂ 3.2 ਫੀਸਦੀ (ਸ) 5 ਫੀਸਦੀ

III) ਹਲਕਾ ਭੂਰਾ ਅਤੇ ਪੀਲਾ ਲੋਹਾ ਹੈ:
(ੳ) ਮੈਗਨੇਟਾਈਟ (ੲ) ਲਿਮੋਨਾਈਟ ✓
(ਅ) ਹੈਮੈਟਾਈਟ (ਸ) ਸੀਡਰਾਈਟ

IV) ਪ੍ਰਾਚੀਨ ਮਨੁੱਖ ਸਭ ਤੋਂ ਵੱਧ ਵਰਤਦਾ ਸੀ:
(ੳ) ਸੋਨਾ (ੲ) ਪਿੱਤਲ
(ਅ) ਲੋਹਾ (ਸ) ਤਾਂਬਾ ✓

V) ਕਾਲਾ ਸੋਨਾ ਕਿਹਾ ਜਾਂਦਾ ਹੈ:
(ੳ) ਕੋਲੇ ਨੂੰ ✓ (ੲ) ਲੋਹੇ ਨੂੰ
(ਅ) ਕੱਚੇ ਤੇਲ ਨੂੰ (ਸ) ਸੋਨੇ ਨੂੰ

VI) ਐਲੂਮੀਨੀਅਮ ਕਿਸ ਤੋਂ ਬਣਦਾ ਹੈ?
ੳ) ਤਾਂਬੇ ਤੋਂ ੲ) ਚਾਂਦੀ ਤੋਂ
(ਅ) ਬਾਕਸਾਈਟ ਤੋਂ ✓ ਸ) ਲੋਹੇ ਤੋਂ

VII) ਊਰਜਾ ਦਾ ਅਮੁੱਕ ਸੋਮਾ ਹੈ:
ੳ) ਕੁਦਰਤੀ ਗੈਸ ੲ) ਕੋਲਾ
(ਅ) ਖਣਿਜ ਤੇਲ ਸ) ਸੂਰਜੀ ਊਰਜਾ ✓

VIII) ਭਾਰਤ ਵਿੱਚ ਕਲਨ ਤੇਲ ਸੋਧਕ ਕਾਰਖਾਨ ਹਨ:
ੳ) 17 ੲ) 23 ✓
(ਅ) 4 ਸ) 20

IX) ਪੈਟਰੋਲੀਅਮ ਸ਼ਬਦ ਲਿਆ ਗਿਆ ਹੈ:
ੳ) ਅੰਗਰੇਜ਼ੀ ਭਾਸ਼ਾ ਤੋਂ (ਅ) ਯੂਨਾਨੀ ਭਾਸ਼ਾ ਤੋਂ (ੲ) ਚੀਨੀ ਭਾਸ਼ਾ ਤੋਂ (ਸ) ਲਾਤੀਨੀ ਭਾਸ਼ਾ ਤੋਂ ✓

2. ਖਾਲੀ ਥਾਵਾਂ ਵਿੱਚ ਸਹੀ ਉੱਤਰ ਭਰੋ:

I) ਧਾਤਵੇਂ ਖਣਿਜਾਂ ਨੂੰ __________ ਅਤੇ ਧਾਤਾਂ ਵਿੱਚ ਵੰਡਿਆ ਜਾਂਦਾ ਹੈ । (ਲੋਹ, ਅਲੋਹ)

II) ਲੋਹਾ ਆਧੁਨਿਕ ਸੱਭਿਅਤਾ ਦੀ __________ ਮੰਨਿਆ ਜਾਂਦਾ ਹੈ। (ਰੀੜ੍ਹ ਦੀ ਹੱਡੀ)

III) ਭਾਰਤ ਸੰਸਾਰ ਦਾ __________ ਵੱਡਾ ਲੋਹਾ ਨਿਰਯਾਤਕ ਦੇਸ਼ ਹੈ। (ਪੰਜਵਾਂ)

IV) __________ ਭਾਰਤ ਦਾ ਸਭ ਤੋਂ ਵੱਡਾ ਤਾਂਬਾ ਉਤਪਾਦਕ ਰਾਜ ਹੈ। (ਮੱਧ ਪ੍ਰਦੇਸ਼)

V) ਮੈਂਗਨੀਜ਼ ਹਲਕੇ __________ ਰੰਗ ਦੀ ਧਾਰ ਹੈ। (ਸਲੇਟੀ)

VI) __________ ਕੋਲੇ ਦੀ ਬਿਹਤਰੀਨ ਕਿਸਮ ਹੈ। (ਐਂਥਰਾਸਾਈਟ)

VII) ਭਾਰਤ ਵਿੱਚ ਪੈਟਰੋਲ ਦੇ ਕੁਲ __________ ਬੇਸਨ ਹਨ। (27)

VIII) ਪੌਣ ਊਰਜਾ __________ ਊਰਜਾ ਸ੍ਰੋਤ ਹੈ। (ਗੈਰ-ਰਵਾਇਤੀ)

IX) ਭਾਰਤ ਵਿੱਚ __________ ਮੈਗਾਵਾਟ ਜਵਾਰੀ ਬਿਜਲੀ ਉਤਪਾਦਨ ਦੀ ਸਮਰੱਥਾ ਹੈ। (8000-9000)

X) ਸੋਮੇ __________ ਤੰਤਰ ਨੂੰ ਠੀਕ ਰੱਖਣ ਲਈ ਜ਼ਰੂਰੀ ਹਨ। (ਪਰਿਸਥਿਤਕ)

3. ਮਿਲਾਨ ਕਰੋ:

| | |
|---|---|
| I ਜੈਵਿਕ ਖਣਿਜ | ਪੀਟ |
| II ਧਾਤਵੇਂ ਖਣਿਜ | ਮੈਗਨੇਟਾਈਟ |
| III ਅਧਾਤਵੇਂ ਖਣਿਜ | ਕਰਨਾਟਕ |
| IV ਲੋਹੇ ਦੀ ਕਿਸਮ | ਤਾਮਿਲਨਾਡੂ |
| V ਕੋਲੇ ਦੀ ਕਿਸਮ | ਕੋਲਾ, ਪੈਟਰੋਲੀਅਮ |
| VI ਸਭ ਤੋਂ ਵੱਧ ਲੋਹਾ ਉਤਪਾਦਨ | ਝਾਰਖੰਡ |

4. ਸਹੀ ਉੱਤਰ ਲਈ ਸਹੀ (✓) ਅਤੇ ਗਲਤ ਉੱਤਰ ਲਈ ਗਲਤ (×) ਦਾ ਨਿਸ਼ਾਨ ਲਗਾਓ:

I) ਪੈਟਰੋਲੀਅਮ ਤਹਿਦਾਰ ਚਟਾਨਾਂ ਵਿੱਚੋਂ ਪ੍ਰਾਪਤ ਹੁੰਦਾ ਹੈ। (✓)

II) ਜਵਾਰੀ ਊਰਜਾ, ਊਰਜਾ ਦਾ ਨਾ-ਨਵਿਆਉਣਯੋਗ ਸੋਮਾ ਹੈ। (×)

III) ਭਾਰਤ ਆਪਣੀ ਕੁੱਲ ਲੋੜ ਦਾ ਲਗਭਗ ਦਾ 70% ਪੈਟਰੋਲੀਅਮ ਆਯਾਤ ਕਰਦਾ ਹੈ। (✓)

IV) ਭਾਰਤ ਵਿੱਚ ਜਵਾਰੀ ਸ਼ਕਤੀ ਨਾਲ ਬਿਜਲੀ ਉਤਪਾਦਨ ਦੀ ਕਾਫੀ ਸਮਰੱਥਾ ਹੈ। (✓)

V) ਜਿਹਨਾਂ ਧਾਤਾਂ ਵਿੱਚ ਲੋਹਾ ਹੁੰਦਾ ਹੈ ਉਹਨਾਂ ਨੂੰ ਲੋਹ ਧਾਤਾਂ ਕਿਹਾ ਜਾਂਦਾ ਹੈ। (✓)

VI) ਕੱਚਾ ਲੋਹਾ ਖਾਣਾਂ ਵਿੱਚੋਂ ਸ਼ੁੱਧ ਰੂਪ ਵਿੱਚ ਪ੍ਰਾਪਤ ਹੁੰਦਾ ਹੈ। (×)

VII) ਝਾਰਖੰਡ ਕੱਚੇ ਲੋਹੇ ਦਾ ਸਭ ਤੋਂ ਵੱਡਾ ਉਤਪਾਦਕ ਰਾਜ ਹੈ। (×)

VIII) ਭਾਰਤ ਸੰਸਾਰ ਦਾ ਕੁੱਲ 2% ਤਾਂਬਾ ਪੈਦਾ ਕਰਦਾ ਹੈ। (✓)

IX) ਜੰਗਲ ਅਤੇ ਫਸਲਾਂ ਅਜੈਵਿਕ ਸੋਮੇ ਹਨ। (×)

X) ਦੇਸ਼ ਦੇ ਕੁੱਲ ਬਾਕਸਾਈਟ ਉਤਪਾਦਨ ਦਾ 80% ਐਲੂਮੀਨੀਅਮ ਬਣਾਉਣ ਲਈ ਵਰਤਿਆ ਜਾਂਦਾ ਹੈ। (✓)

5. ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਇੱਕ ਜਾਂ ਦੋ ਵਾਕਾਂ ਵਿੱਚ ਦਿਓ:

I) ਕੋਈ ਤਿੰਨ ਅਲੋਹ ਧਾਤਾਂ ਦੇ ਨਾਮ ਲਿਖੋ।

II) ਖਣਿਜਾਂ ਦਾ ਕੀ ਮਹੱਤਵ ਹੈ?

III) ਕੱਚੇ ਲੋਹੇ ਦੀਆਂ ਕਿਸਮਾਂ ਦੇ ਨਾਮ ਲਿਖੋ।

IV) ਬਿਮਾਰੂ (Bimaru) ਰਾਜਾਂ ਦੇ ਨਾਮ ਲਿਖੋ।

V) ਭਾਰਤ ਵਿੱਚ ਸਭ ਤੋਂ ਵਧੀਆ ਕੁਆਲਿਟੀ ਦੇ ਲੋਹਾ-ਭੰਡਾਰ ਕਿੱਥੇ ਹਨ?

VI) ਭਾਰਤ ਦਾ ਸਭ ਤੋਂ ਵੱਧ ਲੋਹਾ ਕਿਸ ਦੇਸ਼ ਨੂੰ ਨਿਰਯਾਤ ਕੀਤਾ ਜਾਂਦਾ ਹੈ?

VII) ਭਾਰ ਦੇ ਤਾਂਬਾ ਉਤਪਾਦਕ ਰਾਜਾਂ ਦੇ ਨਾਮ ਲਿਖੋ।

VIII) ਕੋਈ ਦੋ ਰਿਵਾਇਤੀ ਅਤੇ ਦੋ ਗੈਰ-ਰਿਵਾਇਤੀ ਊਰਜਾ ਸੋਮਿਆਂ ਦੇ ਨਾਮ ਲਿਖੋ।

IX) ਭਾਰਤ ਦੇ ਕੋਲਾ ਉਤਪਾਦਨ ਵਿੱਚ ਮੋਹਰੀ ਚਾਰ ਰਾਜਾਂ ਦੇ ਨਾਮ ਲਿਖੋ।

X) ਤਾਂਬੇ ਦੇ ਇਸਤੇਮਾਲ ਦੱਸੋ।

XI) ਭਾਰਤ ਤੋਂ ਬਾਕਸਾਈਟ ਆਯਾਤ ਕਰਨ ਵਾਲੇ ਦੇਸ਼ਾਂ ਦੇ ਨਾਮ ਲਿਖੋ।

XIII) ਗੈਰ-ਰਿਵਾਇਤੀ ਊਰਜਾ ਸੋਮਿਆਂ ਦੇ ਗੁਣ ਦੱਸੋ।

5. ਭਾਰਤ ਦੇ ਨਕਸ਼ੇ ਵਿੱਚ ਦਿਖਾਓ:

(i) ਕੋਈ ਚਾਰ ਕੋਲਾ ਉਤਪਾਦਕ ਖੇਤਰ

(ii) ਕੋਈ ਚਾਰ ਤੇਲ ਉਤਪਾਦਕ ਖੇਤਰ

(iii) ਪੌਣ ਊਰਜਾ ਉਤਪਾਦਕ ਚਾਰ ਰਾਜ

(iv) ਖੰਭਾਤ ਦੀ ਖਾੜੀ, ਕੱਛ ਦੀ ਖਾੜੀ, ਮਨਾਰ ਦੀ ਖਾੜੀ, ਬੰਗਾਲ ਦੀ ਖਾੜੀ

(v) ਕੋਈ ਚਾਰ ਲੋਹਾ ਉਤਪਾਦਕ ਖੇਤਰ

(vi) ਕੋਈ ਚਾਰ ਤਾਂਬਾ ਉਤਪਾਦਕ ਖੇਤਰ

(vii) ਕੋਈ ਚਾਰ ਬਾਕਸਾਈਟ ਉਤਪਾਦਕ ਖੇਤਰ

(viii) ਕੋਈ ਚਾਰ ਮੈਂਗਨੀਜ਼ ਉਤਪਾਦਕ ਖੇਤਰ

(ix) 2008 ਤੋਂ 2017 ਦਾ ਭਾਰਤ ਦੇ ਤਾਂਬਾ ਉਤਪਾਦਨ ਦਾ ਬਾਰ ਚਿੱਤਰ ਬਣਾਓ।

(x) 2003-04 ਤੋਂ 2012-13 ਤੱਕ ਭਾਰਤ ਦੇ ਮੈਂਗਨੀਜ਼ ਉਤਪਾਦਨ ਦਾ ਬਾਰ ਚਿੱਤਰ ਬਣਾਓ।

(xi) 2003-04 ਤੋਂ 2012-13 ਤੱਕ ਭਾਰਤ ਦੇ ਬਾਕਸਾਈਟ ਉਤਪਾਦਨ ਦਾ ਬਾਰ ਚਿੱਤਰ ਬਣਾਓ।

(xii) ਕੋਲੇ ਦੀਆਂ ਕਿਸਮਾਂ, ਕਾਰਬਨ ਦੀ ਮਾਤਰਾ ਅਤੇ ਗੁਣਾਂ ਨੂੰ ਦਰਸਾਉਂਦਾ ਟੇਬਲ ਬਣਾਓ।

(xiii) ਊਰਜਾ ਸੋਮਿਆਂ ਦੇ ਪ੍ਰਕਾਰ ਦੱਸਦੇ ਹੋਏ ਹਰੇਕ ਦੀਆਂ ਦੋ-ਦੋ ਉਦਾਹਰਨਾਂ ਦਿਓ।

## ਪ੍ਰਸ਼ਨ ਬੈਂਕ (MR/HI/VI)

### Class-XII

### ਅਧਿਆਇ-6
### ਆਰਥਿਕ ਭੂਗੋਲ : ਨਿਰਮਾਣ ਉਦਯੋਗ

1. ਬਹੁ-ਵਿਕਲਪੀ ਪ੍ਰਸ਼ਨਾਂ ਵਿੱਚੋਂ ਠੀਕ ਉੱਤਰ ਤੇ ਸਹੀ (✓) ਦਾ ਨਿਸ਼ਾਨ ਲਗਾਓ:

I) ਗੰਨੇ ਦੀ ਖੇਤੀ ਤੇ ਅਧਾਰਿਤ ਨਿਰਮਾਣ ਉਦਯੋਗ ਹੈ:
(ੳ) ਲੋਹਾ ਇਸਪਾਤ ਉਦਯੋਗ (ਅ) ਖੰਡ ਉਦਯੋਗ ✓ (ੲ) ਕੱਪੜਾ ਉਦਯੋਗ (ਸ) ਪੈਟਰੋ-ਕੈਮੀਕਲ ਉਦਯੋਗ
II) ਢਾਕਾ ਵਿੱਚ ਬਣਨ ਵਾਲਾ ਪ੍ਰਸਿੱਧ ਕੱਪੜਾ ਸੀ:
(ੳ) ਮਲਮਲ ✓ (ਅ) ਸਿਲਕ (ੲ) ਪੋਲਿਸਟਰ (ਸ) ਊਨੀ ਕਪੜਾ
III) ਭਾਰਤ ਦਾ ਮਾਨਚੈਸਟਰ ਕਿਹਾ ਜਾਂਦਾ ਹੈ:
(ੳ) ਲੁਧਿਆਣਾ (ਅ) ਕੋਇੰਬਟੂਰ (ੲ) ਅਹਿਮਦਾਬਾਦ ✓ (ਸ) ਪੂਨੇ
IV) ਬਠਿੰਡਾ ਸਥਿਤ ਤੇਲ ਸੋਧਕ ਕਾਰਖਾਨੇ ਦਾ ਪੂਰਾ ਨਾਮ ਹੈ:
(ੳ) ਪੰਜਾਬ ਰਿਫਾਇਨਰੀ (ਅ) ਗੁਰੂ ਨਾਨਕ ਦੇਵ ਰਿਫਾਇਨਰੀ (ੲ) ਗੁਰੂ ਤੇਗ ਬਹਾਦਰ ਰਿਫਾਇਨਰੀ
(ਸ) ਗੁਰੂ ਗੋਬਿੰਦ ਸਿੰਘ ਰਿਫਾਇਨਰੀ ✓
V) ਮੀਡੀਆ ਸੇਵਾਵਾਂ ਕਿਹੜੇ ਪੱਧਰ ਦੀਆਂ ਆਰਥਿਕ ਕ੍ਰਿਆਵਾਂ ਹਨ:
(ੳ) ਪਹਿਲੇ (ਅ) ਦੂਜੇ (ੲ) ਤੀਜੇ ✓ (ਸ) ਚੌਥੇ
VI) ਸੰਤਰੀ ਕਾਲਰ ਕਾਮੇ ਹਨ:
(ੳ) ਕੈਦੀ ✓ (ਅ) ਡਾਕਟਰ (ੲ) ਕਿਸਾਨ (ਸ) ਅਧਿਆਪਕ
VII) ਨਿਰਮਾਣ ਉਦਯੋਗ ਨੂੰ ਕਿਹੜਾ ਆਰਥਿਕ ਸੈਕਟਰ ਕਿਹਾ ਜਾਂਦਾ ਹੈ:
(ੳ) ਪ੍ਰਾਇਮਰੀ (ਅ) ਸੈਕੰਡਰੀ ✓ (ੲ) ਟਰਸਰੀ (ਸ) ਕੁਆਟਰਨੇਰੀ
VIII) ਚਮੜਾ ਉਦਯੋਗ ਕਿਸ ਉਪਰ ਅਧਾਰਿਤ ਹੈ:
(ੳ) ਜੰਗਲਾਂ ਉੱਪਰ (ਅ) ਖੇਤੀ ਉੱਪਰ (ੲ) ਪਸ਼ੂਆਂ ਉਪਰ ✓ (ਸ) ਖਣਿਜਾਂ ਉਪਰ
IX) ਗਿਆਨ ਅਧਾਰਿਤ ਉਦਯੋਗ ਹਨ:
(ੳ) ਪਹਿਲੇ ਦਰਜੇ ਦੀਆਂ ਆਰਥਿਕ ਕ੍ਰਿਆਵਾਂ (ਅ) ਦੂਜੇ ਦਰਜੇ ਦੀਆਂ ਆਰਥਿਕ ਕ੍ਰਿਆਵਾਂ
(ੲ) ਤੀਜੇ ਦਰਜੇ ਦੀਆਂ ਆਰਥਿਕ ਕ੍ਰਿਆਵਾਂ (ਸ) ਚੌਥੇ ਦਰਜੇ ਦੀਆਂ ਆਰਥਿਕ ਕ੍ਰਿਆਵਾਂ ✓

2. ਖਾਲੀ ਥਾਵਾਂ ਵਿੱਚ ਸਹੀ ਉੱਤਰ ਭਰੋ:
I ਕਿਸਾਨਾਂ ਨੂੰ ___________ ਕਾਲਰ ਕਾਮੇ ਕਿਹਾ ਜਾਂਦਾ ਹੈ। (ਲਾਲ)
II ਪੰਜਵਾਂ ਆਰਥਿਕ ਖੇਤਰ ਦੇਸ਼ ਦੀ ਆਰਥਿਕਤਾ ਦਾ___________ ਖੇਤਰ ਹੁੰਦਾ ਹੈ। (ਸਿਖਰਲਾ)
III___________ ਕੇਂਦਰੀ ਸੜਕੀ ਆਵਾਜਾਈ ਅਤੇ ਹਾਈਵੇਅ ਮੰਤਰਾਲੇ ਦੀ ਯੋਜਨਾ ਹੈ। (ਸੁਨਹਿਰੀ ਚਤਰਭੁਜ)
IV ਗਿਆਨ ਅਧਾਰਤ ਉਦਯੋਗ ਸੰਸਾਰ ਦੀ ਨਵੀਂ ਆਰਥਿਕਤਾ ਦੀ ___________ ਹੈ। (ਰੀੜ੍ਹ ਦੀ ਹੱਡੀ)

V ਉੱਤਰੀ ਭਾਰਤ ਵਿੱਚ___________ ਕਾਰਨ ਗੰਨੇ ਦੀ ਖੇਤੀ ਖਰਾਬ ਹੋ ਜਾਂਦੀ ਹੈ। (ਕੋਹਰੇ)
VI ਪੰਜਾਬ ਵਿੱਚ ਕੁੱਲ ___________ ਖੰਡ ਮਿੱਲਾਂ ਚਾਲੂ ਹਾਲਤ ਵਿੱਚ ਹਨ। (ਦਸ)
VII ਪੰਜਾਬ, ਭਾਰਤ ਦੇ ਧਾਗੇ ਦਾ ___________ ਪ੍ਰਤੀਸ਼ਤ ਹਿੱਸਾ ਉਤਪਾਦਨ ਕਰਦਾ ਹੈ। (14)
VIII ਭਾਰਤ ਵਿੱਚ ਲੰਬੇ ਰੇਸ਼ੇ ਵਾਲੀ ਕਪਾਹ ਦਾ ਉਤਪਾਦਨ ___________ ਹੈ। (ਘੱਟ)
IX ਟਾਟਾ ਸਟੀਲ ਲਿਮਿਟਡ ਦਾ ਹੈੱਡ-ਕੁਆਟਰ ___________ ਵਿੱਚ ਹੈ। (ਮੁੰਬਈ)
X ਉਦਯੋਗ ਉਹ ਆਰਥਿਕ ਪ੍ਰਕ੍ਰਿਆ ਹੈ ਜਿਸ ਵਿੱਚ _________ ਮਾਲ ਤਿਆਰ ਮਾਲ ਵਿੱਚ ਤਬਦੀਲ ਕੀਤਾ ਜਾਂਦਾ ਹੈ।

**3. ਮਿਲਾਨ ਕਰੋ:**

| | |
|---|---|
| I ਵੱਡੇ ਪੈਮਾਨੇ ਦਾ ਉਦਯੋਗ | ਜੰਗਲਾਂ ਤੇ ਅਧਾਰਿਤ ਉਦਯੋਗ |
| II ਕੋਲਾ | ਲੋਹਾ ਇਸਪਾਤ ਉਦਯੋਗ |
| III ਭਿਲਾਈ ਸਟੀਲ ਪਲਾਂਟ | ਸੰਸਾਰ ਦਾ ਸਭ ਤੋਂ ਵੱਡਾ ਖੰਡ ਉਤਪਾਦਕ ਦੇਸ਼ |
| IV ਕਾਗਜ਼ ਉਦਯੋਗ | ਪਿੰਪਰੀ |
| V ਬਰਾਜ਼ੀਲ | ਸੂਤੀ ਕੱਪੜਾ ਉਦਯੋਗ |
| VI ਗੁਜਰਾਤ ਰਿਫਾਇਨਰੀ | ਊਰਜਾ ਦਾ ਸ੍ਰੋਤ |
| VII ਹਿੰਦੁਸਤਾਨ ਐਂਟੀਬਾਇਓਟਿਕ ਲਿਮਿਟਿਡ | ਜਨਤਕ ਖੇਤਰ ਦਾ ਵੱਡਾ ਸਟੀਲ ਪਲਾਂਟ |
| VIII ਬੁਨਿਆਦੀ ਉਦਯੋਗ | ਤਨਖਾਹਦਾਰ ਕਾਮੇ |
| IX ਚਿੱਟਾ ਕਾਲਰ ਕਾਮੇ | ਕੋਇਆਲੀ |

4. ਸਹੀ ਉੱਤਰ ਲਈ ਸਹੀ (✓) ਅਤੇ ਗਲਤ ਉੱਤਰ ਲਈ ਗਲਤ (×) ਦਾ ਨਿਸ਼ਾਨ ਲਗਾਓ:
I) ਧਰਤੀ ਹੇਠੋਂ ਤੇਲ ਕੱਢਣਾ ਪੈਟਰੋਲੀਅਮ ਉਦਯੋਗ ਦਾ ਪਹਿਲਾ ਪੱਧਰ ਹੈ। (✓)
II) ਕੋਚੀ ਰਿਫਾਇਨਰੀ ਗੁਜਰਾਤ ਵਿਖੇ ਸਥਿਤ ਹੈ। (×)
III) ਪੰਜਾਬ ਵਿੱਚ ਕੁੱਲ ਸਤਾਰਾਂ (17) ਖੰਡ ਮਿੱਲਾਂ ਹਨ। (✓)
IV) ਭਾਰਤ ਦੁਨੀਆਂ ਦਾ ਦੂਜਾ ਵੱਡਾ ਖੰਡ ਉਤਪਾਦਕ ਦੇਸ਼ ਹੈ। (✓)
V) ਪੰਜਾਬ ਭਾਰਤ ਦੇ 30% ਧਾਗੇ ਦਾ ਉਤਪਾਦਨ ਕਰਦਾ ਹੈ। (✓)
VI) ਭਾਰਤ ਦੀ ਪਹਿਲੀ ਸੂਤੀ ਕੱਪੜਾ ਮਿਲ ਅਸਫਲ ਰਹੀ ਸੀ। (✓)
VII) ਸੀਮਿੰਟ ਉਦਯੋਗ ਪੂੰਜੀ ਪ੍ਰਧਾਨ ਉਦਯੋਗ ਹੈ। (✓)
VIII) ਲੋਹਾ ਇਸਪਾਤ ਉਦਯੋਗ ਹਲਕਾ ਉਦਯੋਗ ਹੈ। (×)
IX) ਕਿਸੇ ਸਥਾਨ ਦੀ ਜਲਵਾਯੂ ਉਦਯੋਗਾਂ ਦੇ ਸਥਾਨੀਕਰਨ ਨੂੰ ਬਹੁਤ ਪ੍ਰਭਾਵਿਤ ਕਰਦੀ ਹੈ। (✓)
X) ਭਾਰਤ ਵਿੱਚ ਲੋਹਾ ਇਸਪਾਤ ਉਦਯੋਗ ਦਾ ਆਰੰਭ 1874 ਈ. ਵਿੱਚ ਹੋਇਆ। (✓)

5. ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਇੱਕ ਜਾਂ ਦੋ ਵਾਕਾਂ ਵਿੱਚ ਦਿਓ:
I) ਟਾਟਾ ਸਟੀਲ ਲਿਮਿਟਡ ਦਾ ਪਹਿਲਾ ਨਾਮ ਕੀ ਸੀ?
II) CAGR ਦਾ ਪੂਰਾ ਨਾਮ ਦੱਸੋ।
III) ਖੰਡ ਗੰਨੇ ਤੋਂ ਇਲਾਵਾ ਹੋਰ ਕਿਸ ਵਸਤੂ ਤੋਂ ਤਿਆਰ ਕੀਤੀ ਜਾਂਦੀ ਹੈ?
IV) ਖੇਤੀ ਤੇ ਅਧਾਰਿਤ ਕੋਈ ਚਾਰ ਉਦਯੋਗਾਂ ਦੇ ਨਾਮ ਲਿਖੋ।

V) ਉਦਯੋਗਾਂ ਦੇ ਸਥਾਨੀਕਰਨ ਲਈ ਜ਼ਿੰਮੇਵਾਰ ਕੋਈ ਚਾਰ ਕਾਰਕ ਦੱਸੋ।
VI) ਸੂਤੀ ਕੱਪੜਾ ਮਿੱਲਾਂ ਨੂੰ ਕਿਹੜੇ ਵਰਗਾਂ ਵਿੱਚ ਵੰਡਿਆ ਜਾਂਦਾ ਹੈ?
VII) ਭਾਰਤ ਵਿੱਚ ਗੰਨੇ ਅਤੇ ਖੰਡ ਦੇ ਉਤਪਾਦਨ ਵਿੱਚ ਸਭ ਤੋਂ ਮੋਹਰੀ ਦੋ ਸੂਬਿਆਂ ਦੇ ਨਾਮ ਦੱਸੋ।
VIII) ਭਾਰਤ ਦੀਆਂ ਦੋ ਵੱਡੀਆਂ ਪੈਟਰੋਲੀਅਮ ਕੰਪਨੀਆਂ ਦੇ ਨਾਮ ਦੱਸੋ।
IX) ਭਾਰਤ ਸਰਕਾਰ ਅਧੀਨ ਦਵਾਈਆਂ ਬਣਾਉਣ ਵਾਲੀ ਸਭ ਤੋਂ ਵੱਡੀ ਕੰਪਨੀ ਕਿਹੜੀ ਹੈ?
X) ਹਰਾ ਕਾਲਰ ਕਾਮੇ ਕਿਹੜੇ ਹੁੰਦੇ ਹਨ?
XI) ਪੰਜਾਬ ਵਿੱਚ ਕਿੰਨੇ ਮੈਗਾ ਫੂਡ ਪਾਰਕ ਬਣਾਏ ਜਾਣਗੇ:
XIII) ਪੈਟਰੋਲੀਅਮ ਉਦਯੋਗ ਦੇ ਦੋ ਪੱਧਰ ਕਿਹੜੇ ਹਨ?

**(i) ਭਾਰਤ ਦੇ ਨਕਸ਼ੇ ਵਿੱਚ ਦਿਖਾਓ:**
(ੳ) ਬੋਕਾਰੋ ਸਟੀਲ ਪਲਾਂਟ (ਅ) ਵਿਸ਼ਵੇਸ਼ਵਰੇਈਆ ਸਟੀਲ ਪਲਾਂਟ
(ੲ) ਦੁਰਗਾਪੁਰ ਸਟੀਲ ਪਲਾਂਟ (ਸ) ਭਿਲਾਈ ਸਟੀਲ ਪਲਾਂਟ

(ii) ਭਾਰਤ ਦੇ ਨਕਸ਼ੇ ਵਿੱਚ ਦਿਖਾਓ:
(ੳ) ਕਪਾਹ ਉਤਪਾਦਕ ਖੇਤਰ (ਅ) ਲੁਧਿਆਣਾ (ੲ) ਅਹਿਮਦਾਬਾਦ (ਸ) ਮੁੰਬਈ

(iii) ਭਾਰਤ ਦੇ ਨਕਸ਼ੇ ਵਿੱਚ ਦਿਖਾਓ: (ਚਾਰ ਖੰਡ ਉਤਪਾਦਕ ਸੂਬੇ)
(ੳ) ਮਹਾਂਰਾਸ਼ਟਰ (ਅ) ਤਾਮਿਲਨਾਡੂ (ੲ) ਕਰਨਾਟਕ (ਸ) ਉੱਤਰ ਪ੍ਰਦੇਸ਼

(iv) ਭਾਰਤ ਦੇ ਨਕਸ਼ੇ ਵਿੱਚ ਦਿਖਾਓ: (ਚਾਰ ਤੇਲ ਸੋਧਕ ਕਾਰਖਾਨੇ)
(ੳ) ਪਰਾਦੀਪ ਰਿਫਾਇਨਰੀ (ਅ) ਪਾਣੀਪਤ ਰਿਫਾਇਨਰੀ (ੲ) ਬਰੌਨੀ ਰਿਫਾਇਨਰੀ
(ਸ) ਡਿਗਬੋਈ ਰਿਫਾਇਨਰੀ

(v) ਭਾਰਤੀ ਸੂਤੀ ਕੱਪੜਾ ਉਦਯੋਗ ਦੀ ਵੰਡ ਵਿੱਚ ਪੂਰਬੀ ਅਤੇ ਪੱਛਮੀ ਖੇਤਰਾਂ ਦੀ ਤੁਲਨਾ ਕਰੋ।
(vi) ਵਿਸ਼ਾਖਾ ਪਟਨਮ-ਚੇਨਈ ਅਤੇ ਅਮ੍ਰਿਤਸਰ -ਚੇਨਈ ਸਨਅਤੀ ਗਲਿਆਰਿਆਂ ਦੀ ਤੁਲਨਾ ਕਰੋ।
(vii) ਦਿੱਲੀ-ਮੁੰਬਈ ਅਤੇ ਮੁੰਬਈ-ਬੇਂਗਲੁਰੂ ਸਨਅਤੀ ਗਲਿਆਰਿਆਂ ਦੀ ਤੁਲਨਾ ਕਰੋ।
(viii) ਸੂਤੀ ਕੱਪੜਾ ਉਦਯੋਗ ਦੀਆਂ ਸਮੱਸਿਆਵਾਂ ਅਤੇ ਹੱਲ ਦੱਸੋ।
(ix) ਮਜਦੂਰਾਂ ਦੀ ਗਿਣਤੀ ਦੇ ਅਧਾਰ ਤੇ ਉਦਯੋਗਾਂ ਦਾ ਵਰਗੀਕਰਨ ਕਰਕੇ ਉਦਾਹਰਨਾਂ ਦਿਓ।
(x) ਕੱਚੇ ਮਾਲ ਦੇ ਅਧਾਰ ਤੇ ਉਦਯੋਗਾਂ ਦਾ ਵਰਗੀਕਰਨ ਕਰਕੇ ਉਦਾਹਰਨਾਂ ਦਿਓ।
(xi) ਉਦਯੋਗਾਂ ਦੀ ਸਥਾਪਨਾ ਲਈ ਜ਼ਿੰਮੇਵਾਰ ਭੂਗੋਲਿਕ ਅਤੇ ਗੈਰ-ਭੂਗੋਲਿਕ ਕਾਰਕਾਂ ਦੀ ਸੂਚੀ ਬਣਾਓ।
(xii) ਉਦਯੋਗਾਂ ਦੇ ਵਰਗੀਕਰਣ ਦਾ ਫਲੋਅ ਚਾਰਟ (ਰੇਖਾ ਚਿੱਤਰ) ਬਣਾਓ।
(xiii) ਉਦਯੋਗਾਂ ਦੀ ਸਥਾਪਨਾ ਲਈ ਜ਼ਿੰਮੇਵਾਰ ਕਾਰਕਾਂ ਦਾ ਫਲੋਅ ਚਾਰਟ (ਰੇਖਾ ਚਿੱਤਰ) ਬਣਾਓ।

## ਪ੍ਰਸ਼ਨ ਬੈਂਕ (MR/HI/VI)

### Class-XII

### ਅਧਿਆਇ-7

### ਆਵਾਜਾਈ ਸੰਚਾਰ ਅਤੇ ਵਪਾਰ

1. ਬਹੁ-ਵਿਕਲਪੀ ਪ੍ਰਸ਼ਨਾਂ ਵਿੱਚੋਂ ਸਹੀ ਉੱਤਰ ਤੇ ਸਹੀ (✓) ਦਾ ਨਿਸ਼ਾਨ ਲਗਾਓ:-

i) ਆਵਾਜਾਈ ਪ੍ਰਬੰਧ ਦੀਆਂ ਮੁੱਖ ਕਿਸਮਾਂ ਹਨ:
(ੳ) ਇੱਕ (ਅ) ਦੋ (ੲ) ਤਿੰਨ ✓ (ਸ) ਚਾਰ
ii) ਸੰਸਾਰ ਦੀ ਪਹਿਲੀ ਰੇਲਵੇ ਲਾਇਨ ਕਿਸ ਦੇਸ਼ ਵਿੱਚ ਵਿਛਾਈ ਗਈ ਸੀ:
(ੳ) ਬ੍ਰਿਟੇਨ (ਅ) ਅਮਰੀਕਾ ✓ (ੲ) ਭਾਰਤ (ਸ) ਜਰਮਨੀ
iii) ਪੰਜਾਬ ਵਿੱਚ ਕਿੰਨੇ ਅੰਤਰਰਾਸ਼ਟੀ ਹਵਾਈ ਅੱਡੇ ਹਨ
(ੳ) ਦੋ ✓ (ਅ) ਪੰਜ (ੲ) ਇੱਕ (ਸ) ਤਿੰਨ
iv) 19ਵੀਂ ਸਦੀ ਦੇ ਅੰਤ ਤੱਕ ਭਾਵ ਵਿੱਚ ਰੇਲ ਮਾਰਗ ਬਣੇ ਸਨ:-
(ੳ) ਇੱਕ (ਅ) ਦੋ (ੲ) ਚਾਰ (ਸ) ਤਿੰਨ ✓
v) ਭਾਰਤ ਵਿੱਚ ਰੇਲਵੇ ਜੋਨ ਹਨ:
(ੳ) ਦਸ (ਅ) ਬਾਰਾ (ੲ) ਅਠਾਰਾਂ ✓ (ਸ) ਚੌਵੀ
vi) ਚੌੜੀ ਗੇਜ ਰੇਲਵੇ ਲਾਈਨ ਦਾ ਚੌੜਾਈ ਹੁੰਦਾ ਹੈ:-
(ੳ) 1 ਮੀਟਰ (ਅ) 1.676 ਮੀਟਰ ✓ (ੲ) 2.555 ਮੀਟਰ (ਸ) 0.762 ਮੀਟਰ
vii) ਜੂਨ 2016 ਤੱਕ ਭਾਰਤ ਦੇ ਕੌਮੀ ਸਾਹ ਰਾਹਾਂ ਦੀ ਲੰਬਾਈ ਸੀ:
(ੳ) 1.87 ਲੱਖ ਕਿਲੋਮੀਟਰ ✓ (ਅ) 2.5 ਲੱਖ ਕਿਲੋਮੀਟਰ (ੲ) 3.2 ਲੱਖ ਕਿ.ਮੀ (ਸ) 4 ਲੱਖ ਕਿਲੋਮੀਟਰ
viii) ਪਿੰਡਾਂ ਨੂੰ ਜ਼ਿਲ੍ਹਾ ਸੜਕਾਂ ਨਾਲ ਜੋੜਨ ਵਾਲੀਆਂ ਸੜਕਾਂ ਦਾ ਨਾਮ ਹੈ:
(ੳ) ਪੇਂਡੂ ਸੜਕਾਂ ✓ (ਅ) ਜ਼ਿਲ੍ਹਾ ਸੜਕਾਂ (ੲ) ਸੂਬਾਈ ਮਾਰਗ (ਸ) ਕੌਮੀ ਸਾਹ-ਰਾਹ
ix) ਭਾਰਤ ਵਿੱਚ ਹਵਾਈ ਆਵਾਜਾਈ ਦਾ ਆਰੰਭ ਹੋਇਆ:
(ੳ) 1857 ਵਿੱਚ (ਅ) 1870 ਵਿੱਚ (ੲ) 1901 ਵਿੱਚ (ਸ) 1911 ਵਿੱਚ

2. ਮਿਲਾਨ ਕਰੋ:

| | |
|---|---|
| I ਸਭ ਤੋਂ ਲੰਬੀ ਤੇਲ ਪਾਈਪ ਲਾਈ | ਵਪਾਰ |
| II ਟੈਲੀਫੋਨ | ਦਿੱਲੀ |
| III ਵਸਤਾਂ ਦੀ ਖਰੀਦੋ-ਫਰੋਖਤ | ਅਮਰੀਕਾ |
| IV ਭਾਰਤ ਦਾ ਪ੍ਰਮੁੱਖ ਕੌਮਾਂਤਰੀ ਹਵਾਈ ਅੱਡਾ | ਸੰਚਾਰ ਦਾ ਸਾਧਨ |
| V ਭਾਰਤ ਦੀ ਪ੍ਰਮੁੱਖ ਬੰਦਰਗਾਹ | ਪਾਈਪ ਲਾਈਨ |
| VI WTO | ਦਸ |
| VII ਤਰਲ ਅਤੇ ਗੈਸੀ ਪਦਾਰਥਾਂ ਦੀ ਦੋ-ਢੁਆਈ | ਪਰਾਦੀਪ |

VIII ਭਾਰਤ ਦੇ ਕੌਮੀ ਜਲ ਮਾਰਗਾਂ ਦੀ ਗਿਣਤੀ          ਵਰਲਡ ਟਰੇਡ ਆਰਗੇਨਾਈਜ਼ੇਸ਼ਨ (ਆਲਮੀ ਵਪਾਰ ਸੰਗਠਨ)

ਖਾਲੀ ਥਾਵਾਂ ਵਿੱਚ ਸਹੀ ਉੱਤਰ ਭਰੋ:

I ਸੜਕਾਂ ਕਿਸੇ ਦੀ ਦੇਸ਼ ਦੀ ___________ ਦੇ ਸਮਾਨ ਹੁੰਦੀਆਂ ਹਨ। (ਜਿੰਦ ਜਾਨ)

II ___________ਸੜਕਾਂ ਕਸਬਿਆਂ, ਵੱਡੇ ਪਿੰਡਾਂ ਤੇ ਜ਼ਿਲ੍ਹਾਂ ਕੇਂਦਰਾਂ ਨੂੰ ਜੋੜਦੀਆਂ ਹਨ। (ਜ਼ਿਲ੍ਹਾ)

III ਸੰਸਾਰ ਦੀ ਸਭ ਤੋਂ ਉੱਚੀ ਆਵਾਜਾਈ ਯੋਗ ਸੜਕ___________ ਹੈ (ਖਰਦੁੰਗ ਲਾ)

IV ਸਭ ਤੋਂ ਘੱਟ ਚੌੜਾਈ ਵਾਲੀ ਰੇਲਵੇ ਲਾਇਨ ___________ ਹੁੰਦੀ ਹੈ। ( ਸੌੜੀ ਗੇਜ)

V ਮਹਾਂਦੀਪ ਦੀ ਸਾਰੀ ਭੂਮੀ ਪਾਰ ਕਰਨ ਵਾਲੇ ਰੇਲ ਮਾਰਗ___________ਹੁੰਦੇ ਹਨ। (ਪਾਰ-ਮਹਾਂਦੀਪੀ ਰੇਲ ਮਾਰਗ)

VI ਦੇਸ਼ ਦੇ ਪ੍ਰਮੁੱਖ ਸੈਲਾਨੀ ਮੱਹਤਵ ਦੇ ਸਥਾਨਾ ਦੀ ਸੈਰ ___________ਕਰਵਾਉਂਦਾ ਹੈ। (ਮਹਾਰਾਜ, ਐਕਸਪ੍ਰੈਸ)

VII ਆਵਾਜਾਈ ਦਾ ਸਭ ਤੋਂ ਪੁਰਾਣਾ ਸਾਧਨ___________ ਹੈ। (ਜਲ-ਮਾਰਗੀ ਆਵਾਜਈ)

VIII ਪਾਠ-ਪ੍ਰਸ਼ਾਂਤ ਮਾਰਗ ਦਾ ਮੁੱਖ ਕੇਂਦਰ ___________ ਹੈ। (ਹੋਨੋਲੁਲੂ)

IX ਬੜੀ ਵੱਡੀ ਗਿਣਤੀ ਵਿੱਚ ਜਨਤਾ ਨਾਲ ਸੁਨੇਹਾ ਸਾਂਝਾ ਕਰਨਾ ___________ਹੈ। (ਜਨ-ਸੰਚਾਰ)

X ਕੁਦਰਤੀ ਸਾਧਨਾਂ ਦੀ ਹੋਂਦ ਵਿੱਚ ਅੰਤਰ ___________ ਦਾ ਅਧਾਰ ਹੈ। (ਕੌਮਾਂਤਰੀ ਵਪਾਰ)

4. ਸਹੀ ਉੱਤਰ ਲਈ ਸਹੀ (✓) ਅਤੇ ਗਲਤ ਲਈ ਗਲਤ (×) ਦਾ ਨਿਸ਼ਾਨ ਲਗਾਓ:

I) ਥਲ ਆਵਾਜਾਈ ਪ੍ਰਬੰਧ ਤਿੰਨ ਪ੍ਰਕਾਰ ਦਾ ਹੁੰਦਾ ਹੈ। (✓)

II) ਕੌਮੀ ਮਾਰਗਾਂ ਦਾ ਪ੍ਰਬੰਧ ਕੇਂਦਰ ਸਰਕਾਰ ਕਰਦੀ ਹੈ। (✓)

III) ਉੱਤਰ ਦੱਖਣ ਗਲਿਆਰਾ ਗੁਜਰਾਤ ਨੂੰ ਅਰੁਣਾਚਲ ਪ੍ਰਦੇਸ਼ ਨਾਲ ਜੋੜਦਾ ਹੈ। (×)

IV) ਸੁਨਹਿਰੀ ਚਤਰਭੁਜ ਭਾਰਤ ਦੀ ਸਭ ਤੋਂ ਵੱਡੀ ਸੜਕ ਨਿਰਮਾਣ ਯੋਗਨਾ ਹੈ। (✓)

V) ਭਾਰਤੀ ਦੀ ਪਹਿਲੀ ਰੇਲ 1857 ਵਿੱਚ ਚੱਲੀ ਸੀ। (×)

VI) ਮੀਟਰ ਗੇਜ ਸਭ ਤੋਂ ਚੌੜੀ ਰੇਲ-ਪਟੜੀ ਹੁੰਦੀ ਹੈ। (×)

VII) ਫੇਰੀ ਕੁਈਨ ਮੈਕਸਪ੍ਰੈਸ ਇੱਕ ਲਗਜਰੀ ਰੇਲ ਗੱਡੀ ਹੈ। (✓)

VIII) ਅੰਦਰੂਨੀ ਜਲ ਮਾਰਗ ਸਮੁੰਦਰੀ ਮਾਰਗ ਹੁੰਦੇ ਹਨ। (×)

IX) ਉੱਤਰੀ-ਅੰਧ ਮਹਾਂਸਾਗੀ ਮਾਰਗ ਸੰਸਾਰ ਦਾ ਪ੍ਰਮੁੱਖ ਜਲ ਮਾਰਗ ਹੈ। (✓)

X) ਸੰਸਾਰ ਦੀ ਸਭ ਤੋਂ ਪਹਿਲੀ ਤੇਲ ਪਾਈਪ ਲਾਈਨ ਅਮਰੀਕਾ ਵਿੱਚ ਵਿਤਾਈ ਗਈ ਸੀ। (✓)

ਨਿਮਨਲਿਖਿਤ ਪ੍ਰਸ਼ਨਾਂ ਦੇ ਉੱਤਰ ਇੱਕ ਜਾਂ ਦੋ ਦਾਕਾਂ ਵਿੱਚ ਦਿਓ:

I) ਰੇਲ ਗੇਜ ਕਿੰਨੀਆਂ ਕਿਸਮਾਂ ਦੇ ਹੁੰਦੇ ਹਨ? ਨਾਮ ਲਿਖੋ?

II) ਟਰਾਂਸ ਸਾਇਬੈਰੀਅਨ ਰੇਲਵੇ ਲਾਈਨ ਕਿੱਥੋ ਕਿੱਥੇ ਤੱਕ ਹੈ?

III) IRCTC ਦਾ ਪੂਰਾ ਨਾਮ ਕੀ ਹੈ?

IV) ਉੱਤਰੀ ਅਰਮੀਕਾ ਦੀਆਂ ਦੋ ਵੱਡੀਆਂ ਝੀਲਾਂ ਦੇ ਨਾਮ ਲਿਖੋ?

V) TAPI ਪਾਇਪਲਾਈਨ ਦਾ ਪੂਰਾ ਨਾਮ ਲਿਖੋ?

VI) ਪ੍ਰਸ਼ਾਸਨੀ ਪ੍ਰਬੰਧ ਦੇ ਅਧਾਰ ਤੇ ਸੜਕਾਂ ਦੇ ਨਾਮ ਲਿਖੋ?

VII) ਸੜਕ-ਮਾਰਗੀ ਗਲਿਆਰੇ ਆਪਸ ਵਿੱਚ ਕਿੱਥੇ ਕੱਟਦੇ ਹਨ?

VIII) ਰੇਲ ਤੰਤਰ ਵਿਕਾਸ ਦੀ ਨਵੀਂ ਨੀਤੀ ਦੇ ਕੋਈ ਦੋ ਉਦੇਸ਼ ਦੱਸੋ?

X) ਉੱਤਰੀਠ ਦੱਖਣੀ, ਪੂਰਬੀ ਅਤੇ ਪੱਛਮੀ ਰੇਲਵੇ ਦੇ ਹੈੱਡਕੁਆਟਰ ਦੱਸੋ?
X ਡਾਇਮੰਡ ਕੁਆਡਰੀਲੇਟਰਲ ਕੀ ਹੈ?
VI 'ਪੈਲੇਸ ਔਨ ਵਹੀਲਜ਼' ਕੀ ਹੈ,
VII ਜਲ ਮਾਰਗ ਪ੍ਰਿਨੀ ਕਿਸਮ ਦੇ ਹੁੰਦੇ ਹਨ?
XIII ਕੇਪ ਆਫ ਗੁੱਡ ਹੋਪ ਮਾਰਗ ਕੀ ਹੈ?

I) ਆਵਾਜਾਈ ਪ੍ਰਬੰਧਾਂ ਦਾ ਰੇਖਾ/ਚਿੱਤਰ ਬਣਾਓ।
II) ਉੱਤਰ-ਦੱਖਣ ਗਲਿਆਰੇ ਨੂੰ ਛੂਹਣ ਵਾਲੇ ਭਾਰਤੀ ਰਾਜਾਂ ਦੀ ਸੂਚੀ ਬਣਾਓ।
III) ਪੂਰਬ-ਪੱਛਮ ਗਲਿਆਰੇ ਨੂੰ ਛੂਹਣ ਵਲੇ ਭਾਰਤੀ ਰਾਜਾਂ ਦੀ ਸੂਚੀ ਬਣਾਓ।
IV) ਸੰਸਾਰ ਦੇ ਨਕਸ਼ੇ ਵਿੱਚ ਦਰਾਂਸ ਸਾਈਬੇਰੀਅਨ ਰੇਲਵੇ ਚਾਰ ਸਟੇਸ਼ਨਾਂ ਸਮੇਤ ਦਿਖਾਓ।
V) ਸੰਸਾਰ ਦੇ ਨਕਸ਼ੇ ਵਿੱਚ ਕੈਨੇਡੀਅਨ ਪੈਸੀਫਿਕ ਰੇਲਵੇ ਚਾਰ ਸਟੇਸ਼ਨਾਂ ਸਮੇਤ ਦਿਖਾਓ।
VI) ਸੰਸਾਰ ਦੇ ਨਕਸ਼ੇ ਵਿੰਚ ਟਰਾਂਸ-ਆਮਟ੍ਰੇਲੀਅਨ ਰੇਲਵੇ ਚਾਰ ਸਟੇਸ਼ਨਾਂ ਸਮੇਤ ਦਿਖਾਓ।
VII) ਟਰਾਂਸ ਆਸਟ੍ਰੇਲੀਅਨ ਅਤੇ ਪਨਾਸਾ ਕੈਲਾਨ ਰੇਲਵੇ ਦੀ ਤੁਲਨਾ ਕਰੋ।
VIII) ਨੌ ਰੇਲ ਗਲਿਆਰਿਆਂ ਦੀ ਸੂਚੀ ਬਣਾਓ।
IX) ਭਾਰਤ ਦੇ ਕੌਮੀ ਜਲ ਮਾਰਗਾਂ ਦੀ ਗਿਣਤੀ ਦੱਸ ਕੇ ਸੂਚੀ ਬਣਾਓ।
X) ਸੰਸਾਰ ਦੇ ਪ੍ਰਮੁੱਖ ਸਮੁੰਦਰੀ ਮਾਰਗਾਂ ਬਾਰੇ ਦੋ-ਦੋ ਸਤਰਾਂ ਲਿਖੋ?
XI) ਕਾਂਡਲਾ ਬਠਿੰਡਾ ਪਾਇਪ ਲਾਈਨ ਅਤੇ ਜਾਮਨਹਾਰ ਲੋਨੀ ਪਾਇਪ ਅਲਾਈਨ ਤੇ ਪੰਜ-ਪੰਜ ਸਤਰਾਂ ਲਿਖੋ।
XII) ਵਿਅਕਤੀਗਤ ਸੰਚਾਰ ਅਤੇ ਜਨ ਸੰਚਾਰ ਦੀ ਤੁਲਨਾ ਕਰੋ।

## ਪ੍ਰਸ਼ਨ ਬੈਂਕ (MR/HI/VI)

**Class-XII**

**ਅਧਿਆਇ-8**

## ਚੋਣਵੇਂ ਮੁੱਦਿਆਂ ਤੇ ਭੂਗੋਲਿਕ ਦ੍ਰਿਸ਼ਟੀਕੋਣ ਤੋਂ ਇੱਕ ਨਜ਼ਰ

1. ਬਹੁ-ਵਿਕਲਪੀ ਪ੍ਰਸ਼ਨਾਂ ਵਿੱਚੋਂ ਠੀਕ ਉੱਤਰ ਤੇ ਸਹੀ (✓) ਦਾ ਨਿਸ਼ਾਨ ਲਗਾਓ:

I) ਅਸਲ ਵਿੱਚ ਮਾਨਵ ਭੂਗੋਲ ਹੈ:
(ੳ) ਭੂਗੋਲ ਦਾ ਅਧਿਐਨ (ਅ) ਮਾਨਵ ਦਾ ਅਧਿਐਨ
(ੲ) ਮਾਨਵ ਜੀਵਨ ਦਾ ਭੂਗੋਲਿਕ ਦ੍ਰਿਸ਼ਟੀਕੋਣ ਤੋਂ ਅਧਿਐਨ ✓ (ਸ) ਇਹਨਾਂ ਵਿੱਚੋਂ ਕੋਈ ਨਹੀਂ
II) ਸਿਆ+ਚਿਨ ਦਾ ਅਰਥ ਹੈ:
(ੳ) ਵੱਡੀ ਗਿਣਤੀ ਵਿੱਚ ਗੁਲਾਬ ਦੇ ਫੁੱਲ ✓(ਅ) ਬਰਫ (ੲ) ਪਹਾੜ (ਸ) ਅੱਗ
III) ਸਿਆਚਿਨ ਜਲ ਪ੍ਰਦਾਨ ਕਰਦਾ ਹੈ:
(ੳ) ਸਿੰਧ ਅਤੇ ਨੂਬਰਾ ਦਰਿਆਵਾਂ ਨੂੰ ✓ (ਅ) ਜੇਹਲਮ ਨੂੰ (ੲ) ਰਾਵੀ ਨੂੰ (ਸ) ਸਤਲੁਜ ਨੂੰ
IV) ਸਰ ਕਰੀਕ ਕੀ ਹੈ:
(ੳ) ਇੱਕ ਪਹਾੜ (ਅ) ਦਲਦਲੀ ਖਾੜੀ ✓ (ੲ) ਇੱਕ ਦਰ੍ਹਾ (ਸ) ਇੱਕ ਨਦੀ
V) ਕੱਚਾਤਿਵੂ ਕੀ ਹੈ?
(ੳ) ਇੱਕ ਦੇਸ਼ (ਅ) ਇੱਕ ਰਾਜ (ੲ) ਇੱਕ ਟਾਪੂ ✓ (ਸ) ਇੱਕ ਸਾਗਰ
VI) ਸਿੰਧ ਜਲ ਸੰਧੀ ਕਦੋਂ ਹੋਈ ਸੀ?
(ੳ) 1947 ਵਿੱਚ (ਅ) 1950 ਵਿੱਚ (ੲ) 1955 ਵਿੱਚ (ਸ) 1960 ਵਿੱਚ ✓
VII) ਧਰਤੀ ਦਿਵਸ ਕਦੋਂ ਹੁੰਦਾ ਹੈ:
(ੳ) 5 ਜੂਨ (ਅ) 22 ਅਪ੍ਰੈਲ ✓ (ੲ) 11 ਜੁਲਾਈ (ਸ) 15 ਅਗਸਤ
VIII) 2030 ਤੱਕ ਸੰਸਾਰ ਵਿੱਚ ਪਾਣੀ ਦੀ ਮੰਗ ਹੁਣ ਨਾਲੋਂ ਕਿੰਨੇ ਪ੍ਰਤੀਸ਼ਤ ਵਧਣ ਦਾ ਅੰਦਾਜ਼ਾ ਹੈ:
(ੳ) 10% (ਅ) 20% (ੲ) 30% (ਸ) 50% ✓
IX) ਭਾਰਤ ਦੀ ਸਭ ਤੋਂ ਉਪਯੋਗੀ ਅਤੇ ਪਵਿੱਤਰ ਨਦੀ ਹੈ:
(ੳ) ਗੰਗਾ ✓ (ਅ) ਯਮੁਨਾ (ੲ) ਸਰਸਵਤੀ (ਸ) ਸਿੰਧ
ਧ) ਕਿਹੜੀ ਗੈਸ ਖੂਨ ਵਿੱਚ ਆਕਸੀਜਨ ਦੀ ਮਾਤਰਾ ਨੂੰ ਘਟਾ ਦਿੰਦੀ ਹੈ:
(ੳ) ਸਲਫਰ ਆਕਸਾਈਡ (ਅ) ਕਾਰਬਨ ਮੋਨੋਆਕਸਾਈਡ ✓ (ੲ) ਕਾਰਬਨਡਾਈਆਕਸਾਈਡ
(ਸ) ਨਾਈਟ੍ਰੋਜਨ

2. ਖਾਲੀ ਥਾਵਾਂ ਵਿੱਚ ਸਹੀ ਉੱਤਰ ਭਰੋ:
I. ਵਾਯੂ ਪ੍ਰਦੂਸ਼ਣ ਨਾਲ ਭਾਰਤ ਵਿੱਚ ਹਰ ਸਾਲ ________ ਲੋਕ ਮਰ ਜਾਂਦੇ ਹਨ। (10 ਲੱਖ)

II. ਭਾਰਤ ਦੀ ਸੰਸਦ ਵਿੱਚ ਇਸਤਰੀਆਂ ਦੀ __________ ਪ੍ਰਤੀਨਿਧਤਾ ਹੈ। (12%)

III. ਭਾਰਤ ਵਿੱਚ __________ ਕਿਸਾਨ ਛੋਟੇ ਅਤੇ ਦਰਮਿਆਨੇ ਹਨ। (85%)

IV. __________ ਪਰਬਤ ਮਾਲਾ ਸੰਸਾਰ ਦੀ ਸਭ ਤੋਂ ਉੱਚੀ ਪਰਬਤ ਮਾਲਾ ਹੈ। (ਹਿਮਾਲਿਆ)

V. ਭਾਰਤ ਦੀ ਔਸਤ ਮੱਧਲੀ ਉਮਰ __________ ਹੈ। (29 ਸਾਲ)

VI. ਭਾਰਤ ਵਿੱਚ ਕੁੱਲ ਘਣ ਕਿਲੋਮੀਟਰ ਵਰਖਾ ਹੁੰਦੀ ਹੈ। (4000)

VII. ਭਾਰਤ ਕੋਲ ਸੰਸਾਰ ਦਾ __________ ਜਲ ਸੰਸਾਧਨ ਹੈ। (9.6%)

VIII. ਪੰਜਾਬ ਭਾਰਤ ਵਿੱਚ ਸਭ ਤੋਂ ਵੱਧ __________ ਉਤਪਾਦਨ ਕਰਦਾ ਹੈ। (ਕਿੰਨੂ)

3. ਮਿਲਾਨ ਕਰੋ:

| | |
|---|---|
| I) ਭਾਰਤ ਵਿੱਚ ਆਲੂ ਦੇ ਬੀਜ ਦਪ ਸਰਵੋਤਮ ਪ੍ਰਤੀ ਹੈਕਟੇਅਰ ਉਪਜ | ਸੰਸਾਰ ਵਿੱਚ ਸੰਸਤ ਵਿੱਚ ਇਸਤਰੀਆਂ ਦੀ ਪ੍ਰਤੀਨਿਧਤਾ ਲਈ ਮੋਹਰੀ ਦੇਸ਼ |
| II) 'ਲਾ' | ਜਲ ਪ੍ਰਦੂਸ਼ਣ |
| III) ਜਲ ਦਿਵਸ | 1984 |
| IV) ਰਵਾਂੜਾ | ਪੰਜਾਬ |
| V) ਬ੍ਰੀਗੋਲੀ | ਦਰ੍ਰਾ |
| VI) ਆਰਸੈਨਿਕ | 22 ਮਾਰਚ |
| VII) ਰਾਮੇਸ਼ਵਰਮ | ਸਿਆਸੀ ਮੁਰਾਦਾਂ ਲਈ ਪਹਾੜੀ ਖੇਤਰਾਂ ਦੀ ਨਜਾਇਜ਼ ਵਰਤੋਂ |
| VIII) ਓਪਰੇਸ਼ਨ ਮੇਘਦੂਤ | ਇੱਕ ਟਾਪੂ |
| IX) ਔਰੋਪੋਲਿਟਿਕਸ | ਕਾਗਜ਼ ਉਦਯੋਗ ਦਾ ਇੱਕ ਬਚਿਆ ਉਤਪਾਦ |

4. ਸਹੀ ਉੱਤਰ ਲਈ ਸਹੀ (✓) ਅਤੇ ਗਲਤ ਉੱਤਰ ਲਈ ਗਲਤ (×) ਦਾ ਨਿਸ਼ਾਨ ਲਗਾਓ:

I) ਜਲ ਪ੍ਰਦੂਸ਼ਣ ਰੋਕਣ ਲਈ ਅੰਨੇਵਾਹ ਕੀਟਨਾਸ਼ਕਾਂ ਅਤੇ ਖਾਦਾਂ ਦੀ ਵਰਤੋਂ ਰੋਕਣੀ ਚਾਹੀਦੀ ਹੈ। (✓)

II) ਸ਼ਹਿਰੀ ਸੀਵਰੇਜ ਜਲ ਪ੍ਰਦੂਸ਼ਣ ਦਾ ਗੈਰ-ਬਿੰਦੂ ਸ੍ਰੋਤ ਹੈ। (×)

III) ਬਿੰਦੂ ਸ੍ਰੋਤਾਂ ਤੋਂ ਹੋਣ ਵਾਲਾ ਜਲ ਪ੍ਰਦੂਸ਼ਣ ਕਾਬੂ ਕਰਨਾ ਮੁਕਾਬਲਤਨ ਸੌਖਾ ਹੈ। (✓)

IV) ਪਾਣੀ ਵਿੱਚ ਘੁਲੀ ਆਕਸੀਜਨ ਘਟਣ ਨਾਲ ਜਲੀ ਜੀਵ ਮਰ ਜਾਂਦੇ ਹਨ। (✓)

V) ਬਨਸਪਤੀ ਘਟਣ ਨਾਲ ਮਿੱਟੀ ਵਿੱਚ ਮੱਲ੍ਹੜ ਵਧਦਾ ਹੈ। (×)

VI) ਸੱਭਿਆਚਾਰਕ ਵਾਤਾਵਰਣ ਸਾਡੇ ਵਾਤਾਵਰਣ ਦਾ ਇੱਕ ਹਿੱਸਾ ਹੈ। (✓)

VII) ਸਿੰਧ ਜਲ ਸੰਧੀ ਸਮੇਂ ਜੰਮੂ ਕਸ਼ਮੀਰ ਦੇ ਹਿੱਤਾਂ ਦਾ ਧਿਆਨ ਰੱਖਿਆ ਗਿਆ ਸੀ। (×)

VIII) ਕੱਚਾਤਿਵੂ ਟਾਪੂ ਉੱਪਰ ਮਨੁੱਖੀ ਵਸੋਂ ਹੈ। (×)

IX) ਸਰ ਕਰੀਕ ਭਾਰਤ ਦੇ ਗੁਜਰਾਤ ਅਤੇ ਪਾਕਿਸਤਾਨ ਦੇ ਸਿੰਧ ਪ੍ਰਾਂਤਾਂ ਵਿਚਾਲੇ ਹੈ। (✓)

X) ਸਿਆਚਿਨ ਗਲੇਸ਼ੀਅਰ ਦਾ ਅਕਾਰ ਲਗਭਗ ਇੱਕ ਕਿਲੋਮੀਟਰ ਸੁੰਗੜ ਚੁੱਕਾ ਹੈ। (✓)

5. ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਇੱਕ ਜਾਂ ਦੋ ਵਾਕਾਂ ਵਿੱਚ ਦਿਓ:

I) ਰਾਈਪੇਰੀਅਨ ਬਫਰ ਕੀ ਹੈ?

II) ਭਾਰਤ ਵਿੱਚ ਕੁੱਲ ਕਿੰਨਾ ਕੁ ਪਸ਼ੂ ਧਨ ਹੈ?

III) ਭਾਰਤ ਵਿੱਚ ਅੰਗੂਰ ਦੀ ਪ੍ਰਤੀ ਹੈਕਟੇਅਰ ਸਭ ਤੋਂ ਵੱਧ ਉਪਜ ਕਿਸ ਰਾਜ ਦੀ ਹੈ?

IV) LOAC ਦਾ ਪੂਰਾ ਨਾਮ ਕੀ ਹੈ?

V) ਯੂਟਰੋਫਿਕੇਸ਼ਨ ਕੀ ਹੈ?

VI) ਪ੍ਰਦੂਸ਼ਣ ਦੀ ਪਰਿਭਾਸ਼ਾ ਦਿਓ।

VII) ਸਿੰਧ ਜਲ ਸੰਧੀ ਦੇ ਪੱਛਮੀ ਦਰਿਆ ਕਿਹੜੇ ਹਨ?

VIII) ਜਲ ਪ੍ਰਦੂਸ਼ਣ ਦੇ ਕੋਈ ਦੋ ਬਿੰਦੂ ਸ੍ਰੋਤ ਦੱਸੋ।

IX) ਪਾਕ ਖਾੜੀ ਵਿੱਚ 14ਵੀਂ ਸਦੀ ਦੌਰਾਨ ਕਿਹੜੇ ਟਾਪੂ ਪ੍ਰਗਟ ਹੋਏ ਅਤੇ ਕਿਉਂ?

X) ਭਾਰਤ ਦੇ ਕਿਹੜੇ ਸੂਬੇ ਨੇ ਅਮਰੀਕਾ ਨੂੰ ਸ਼ਹਿਦ ਬਰਾਮਦ ਕੀਤਾ?

XI) ਮਾਊਨਟੇਨ ਸਿੱਕਨੈਸ ਕੀ ਹੈ?

XIII) ਸਿਆਚਿਨ ਕੀ ਹੈ?

(i) ਸਿਆਚਿਨ ਗਲੇਸ਼ੀਅਰ ਦੇ ਮਹੱਤਵ ਦੇ ਕੋਈ ਚਾਰ ਨੁਕਤੇ ਦੱਸੋ।

(ii) ਭਾਰਤ ਦੇ ਨਕਸ਼ੇ ਵਿੱਚ ਦਿਖਾਓ:

(ੳ) ਸਿਆਚਿਨ ਗਲੇਸ਼ੀਅਰ (ਅ) LOC (ੲ) LOAC (ਸ) ਸਰ ਕਰੀਕ

(iii) ਭਾਰਤ ਦੇ ਨਕਸ਼ੇ ਵਿੱਚ ਦਿਖਾਓ:

(ੳ) ਪਾਕ ਜਲਡਮਰੂ (ਅ) ਰਾਮੇਸ਼ਵਰਮ (ੲ) ਕੱਚਾਤਿਵੂ (ਸ) ਕੰਨਿਆ ਕੁਮਾਰੀ

(iv) ਸਿੰਧ ਜਲ ਸੰਧੀ ਦੀ ਤੰਬੀਹ-1 ਕੀ ਹੈ?

(v) ਭੂਮੀ ਪ੍ਰਦੂਸ਼ਣ ਨੂੰ ਪਰਿਭਾਸ਼ਿਤ ਕਰਦੇ ਹੋਏ ਇਸ ਦੇ ਕੋਈ ਚਾਰ ਕਾਰਨ ਦੱਸੋ।

(vi) ਹੇਠ ਲਿਖੇ ਦਿਨ ਕਦੋਂ ਮਨਾਏ ਜਾਂਦੇ ਹਨ?

(ੳ) ਧਰਤੀ ਦਿਵਸ (ਅ) ਵਾਤਾਵਰਣ ਦਿਵਸ (ੲ) ਜਲ ਦਿਵਸ (ਸ) ਵਸੋਂ ਦਿਵਸ

(vii) ਚਾਰ 'R' ਕੀ ਹੁੰਦੇ ਹਨ? ਹਰੇਕ ਬਾਰੇ ਕੋਈ ਦੋ ਸਤਰਾਂ ਲਿਖੋ।

(viii) ਜਲ ਪ੍ਰਦੂਸ਼ਣ ਰੋਕਣ ਦੇ ਕੋਈ ਛੇ ਉਪਾਅ ਦੱਸੋ।

(ix) ਭਾਰਤ ਦੇ ਕੋਈਸਭ ਤੋਂ ਵੱਧ ਮਾਣ ਮੱਤੇ ਪੱਖ ਦੱਸੋ।

(x) ਪੰਜਾਬ ਦੀ ਭੂਗੋਲਿਕ ਸਿਰਮੌਰਤਾ ਦੇ ਕੋਈ ਛੇ ਪੱਖ ਦੱਸੋ।

(xi) ਭਾਰਤ ਦੀ ਭੂਗੋਲਿਕ ਸਿਰਮੌਰਤਾ ਨੂੰ ਸਮਝਣ ਲਈ ਕੋਈ ਦੋ case studies ਦੱਸੋ।

(xii) ਹਵਾ ਪ੍ਰਦੂਸ਼ਣ ਲਈ ਜਿੰਮੇਵਾਰ ਸ੍ਰੋਤਾਂ ਬਾਰੇ ਦੱਸੋ।